
# ਪ੍ਰਕਰਮਾਂ



ਚਰਨ ਸਿੰਘ

# ਪ੍ਰਕਰਮਾਂ
## (ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# PARKARMAN

(A Collection of Poems)

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

N Author

Edition : 2011

Price : Rs. 130/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਪ੍ਰਕਰਮਾਂ (ਕਾਵਿ ਸੰਗ੍ਰਿਹ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ
ਫੋਨ : 094170-72466

## ਸਵਰਗਵਾਸੀ ਮਿੱਤਰ ਪਿਆਰੇ
## ਸ਼ੌਕੀਨ ਸਿੰਘ ਨੂੰ ਸਮਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੂੌਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011

# ਚਰਨ ਸਿੰਘ ਦਾ ਜੀਵਨ—ਬਿਓਰਾ

ਨਾਮ : ਚਰਨ ਸਿੰਘ
ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

9251 ARVIDA, DR. RICHMOND B.C.
V7A4K5 CANADA

## ਛਪਾਈ ਅਧੀਨ ਪੁਸਤਕਾਂ

(1) ਤ੍ਰੈਕਾਲ (ਕਾਵਿ ਸੰਗ੍ਰਹਿ)
(2) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(3) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(4) ਤ੍ਰਿਵੇਣੀ (ਕਾਵਿ ਸੰਗ੍ਰਹਿ)
(5) ਰਿਸ਼ਮਾਂ (ਕਾਵਿ ਸੰਗ੍ਰਹਿ)
(6) ਦਰਪਣ (ਕਾਵਿ ਸੰਗ੍ਰਹਿ)
(7) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(8) ਬੁੱਕਲ (ਕਾਵਿ ਸੰਗ੍ਰਹਿ)
(9) ਕੁਕਨੂਸ (ਕਾਵਿ ਸੰਗ੍ਰਹਿ)
(10) ਅਨੁਭਵ (ਕਾਵਿ ਸੰਗ੍ਰਹਿ)
(11) ਕੋਰਾ ਕਾਗਜ਼ (ਕਾਵਿ ਸੰਗ੍ਰਹਿ)
(12) ਮੌਲੀ ਧਰਤੀ (ਕਾਵਿ ਸੰਗ੍ਰਹਿ)
(13) ਸੰਤੁਲਨ (ਕਾਵਿ ਸੰਗ੍ਰਹਿ)
(14) ਖ਼ਾਲੀ ਘਰ (ਕਾਵਿ ਸੰਗ੍ਰਹਿ)
(15) ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ)
(16) ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ)
(17) ਕਿਵ ਸੱਚਿਆਰਾ ਹੋਈਐ (ਨਾਟਕ)

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਪੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHOURS & ARTISTS I.N.C. FOR 2011

(10) AWARD FOR OUTSTANDING CONTRIBUTION
TO WARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਨਵਾਂ ਸੰਸਾਰ
2. ਕੈਸੀ ਝੜੀ ਹੈ
3. ਤੇਰਾ ਜਾਣਾ
4. ਵੈਸ਼ੀਆ
5. ਉਦਾਸੀ
6. ਭੂਤ ਵੱਲ ਤੁਰਦਾ ਭਵਿੱਖ
7. ਮੈਂ ਪੱਥਰ
8. ਅੱਗ ਦੀ ਖੇਡ
9. ਮੌਤ ਦੀ ਹੋਂਦ
10. ਕਾਮ ਤੇ ਕਾਮਣੀ
11. ਦੋ ਪ੍ਰਭਾਵ
12. ਮਨੁੱਖ ਤੇ ਥਲ
13. ਜ਼ਿੰਦਗੀ ਤੇ ਸਲੀਬ
14. ਪਿੱਠ
15. ਮੋੜ ਦਾ ਰੁੱਖ
16. ਮੈਂ ਕਰਤਾ ਹਾਂ
17. ਇਕ ਕਲੀ
18. ਦੋ ਨੈਣ
19. ਤਿੰਨ ਪ੍ਰਭਾਵ
20. ਅਜ਼ਨਬੀ
21. ਦਿਲ
22. ਚੋਰ ਤੇ ਸ਼ਹਿਰ
23. ਕੈਦ
24. ਚਰਨ ਛੋਹ
25. ਅੱਖ੍ਹਾਂ ਤੇ ਮੂੰਹ
26. ਕਿੰਜ ਸਮਝਾਵਾਂ
27. ਮਨੁੱਖੀ ਜੰਗਲ
28. ਬਣਵਾਸ
29. ਬ੍ਰਹਿਮੰਡ ਵਿਚਲਾ ਬ੍ਰਹਿਮੰਡ
30. ਪਲ ਹੋਏ ਹਨ
31. ਸਮੁੰਦਰ ਬੂੰਦ ਤੇ ਕਵੀ
32. ਗੁੰਬਦ
33. ਦੀਵਾ

## ਨਵਾਂ ਸੰਸਾਰ

ਇਹ ਬੋਅ ਮਾਰਦਾ
ਪਹਿਨਣ
ਭਾਸ਼ਾ ਸਮਾਂ ਤੇ ਪੌਣ
ਕਾਲਖ਼ਾਂ 'ਚ ਉਤਰਦਾ ਤੇਜ਼
ਗੰਧਲਾ ਪਾਣੀ ਸਰਦ ਅੱਗ
ਪੁਰਾਣੀ ਧਰਤੀ ਬੁੱਢਾ ਆਸਮਾਂ
ਮਨੁੱਖ ਨੂੰ ਆਪਣੇ ਵਜੂਦ ਚੋਂ
ਆਪਣੇ ਵਿਚਰਨ ਧਰਾਤਲ ਚੋਂ
ਮਨਫ਼ੀ ਕਰਨੇ ਪੈਣਗੇ

-0-

ਤੇ ਉਹ ਕੁੱਝ ਸਿਰਜਣਾ ਪਵੇਗਾ
ਜੋ ਮਨੁੱਖ ਤੇ ਮਨੁੱਖਤਾ
ਅਨੁਕੂਲ ਹੋਵੇ
ਤੇ ਆਉਣ ਵਾਲੇ ਸਮੇਂ 'ਚ
ਮਨੁੱਖ ਲਈ
ਫਿਰ ਸੁਵਾਲੀਆ ਨਿਸ਼ਾਨ
ਨਾ ਬਣੇ
ਮਨੁੱਖ ਦੀ ਸਿਰਜਣਾ
ਇਨ੍ਹੀ ਮਕਬੂਲ ਹੋਵੇ
ਕਿ ਫਿਰ ਭਵਿੱਖ ਚੋਂ
ਭੂਤ 'ਚ ਪਰਤਣ ਦਾ ਸਮਾਨ ਨਾ ਬਣੇਂ

-0-

ਵਿਗਿਆਨ ਨੇ
ਸਿੱਧ ਕਰ ਦਿੱਤਾ ਹੈ
ਕਿ ਮਾਂ ਪਿਉ
ਆਪਣੀ ਮਰਜ਼ੀ ਅਨੁਸਾਰ
ਬੱਚਾ ਲੜਕੀ ਜਾਂ ਲੜਕਾ ਜਨਮ
ਸਕਦੇ ਹਨ
ਮਾਂ ਬਾਪ ਦੀ ਮਰਜ਼ੀ ਅਨੁਸਾਰ
ਬੱਚੇ ਦਾ ਕੱਦ ਕਾਠ
ਨੈਣ ਨਕਸ਼ ਅੰਗ ਤੇ
ਵਾਲਾਂ ਦਾ ਰੰਗ ਸਿਰਜਿਆ
ਜਾ ਸਕਦਾ ਹੈ

-0-

ਪਰ ਇਸ ਲਈ
ਮਾਂ ਦੀ ਗਰਭ 'ਚ
ਚਾਹਤ ਮੁਤਾਬਿਕ ਜੀਨ
ਉਸਦੇ ਆਪਣੇ ਜਾਂ ਬਾਹਰਲੇ
ਵਜੂਦ ਚੋਂ ਲੈ ਕੇ ਰੱਖੇ ਜਾਣਗੇ
ਕਾਲਾ ਮਾਂ ਪਿਉ
ਚਿੱਟੇ ਧੁੱਧ ਜਿਹਾ ਨੀਲੀਆਂ
ਅੱਖਾਂ ਚਿੱਟੇ ਰੰਗ ਦੇ ਵਾਲਾਂ
ਵਾਲਾ ਬੱਚਾ ਜਨਮ ਸਕਦੇ ਹਨ

-0-

ਆਪਣੇ ਮਾਂ ਬਾਪ ਨੂੰ ਤੱਕ ਕੇ
ਬੱਚਾ ਸ਼ੰਕਾ ਖੜ੍ਹਾ ਕਰ ਸਕਦਾ ਹੈ

ਕਿ ਉਹ ਸੱਚੀ
ਉਸਦੇ ਮਾਂ ਬਾਪ ਹਨ
ਕਿ ਨਹੀਂ
ਇਹ ਸ਼ੰਕਾ ਬੱਚੇ ਪ੍ਰਤੀ
ਮਾਂ ਬਾਪ ਦਾ ਵੀ ਹੋ ਸਕਦਾ ਹੈ

-0-

ਭਵਿੱਖ 'ਚ
ਇਹ ਸੁਵਾਲੀਆਂ ਨਿਸ਼ਾਨ ਹੈ
ਕਿਉਂਕਿ
ਨਾ ਮਾਂ ਬਾਪ ਬੱਚੇ ਦੀ
ਪਹਿਚਾਣ ਹਨ
ਨਾ ਬੱਚਾ ਮਾਂ ਬਾਪ ਦੀ
ਪਹਿਚਾਣ ਹੈ
ਦੂਜਾ ਸੁਵਾਲੀਆ ਨਿਸ਼ਾਨ
ਜ਼ਿੰਦਗੀ ਨੂੰ ਹੋਰ ਵੀ
ਗੁੰਝਲਦਾਰ ਕਰਦਾ ਹੈ
ਅਸਲ ਖੋਜ ਦਾ ਮਕਸਦ
ਮਨੁੱਖ ਵਿਚਲੀਆਂ ਜੱਦੀ
ਪੁਸ਼ਤੀ ਚਲੀਆਂ ਆ ਰਹੀਆਂ
ਬੀਮਾਰੀਆਂ ਤੋਂ
ਛੁਟਕਾਰਾ ਪਾਉਣਾ ਹੈ
ਪਰ ਮਨੁੱਖ ਇਸ ਖੋਜ ਨੂੰ

ਕਿਸ ਰੂਪ 'ਚ ਵਰਤਦਾ ਹੈ
ਇਹ ਮਨੁੱਖ ਤੇ ਨਿਰਭਰ ਹੈ
ਮਨੁੱਖ ਨੇ ਜ਼ਿੰਦਗੀ ਨੂੰ
ਗੁੰਝਲਦਾਰ ਬਨਾਉਣਾ ਹੈ
ਜਾਂ ਸਰਲ ਬਨਾਉਣਾ ਹੈ

-0-

ਕੁਦਰਤੀ ਜਨਮਿਆ ਬੱਚਾ
ਮਾਂ ਬਾਪ ਦਾ ਅਕਸ ਹੈ
ਚਿਹਰਾ ਹੈ ਨੁਹਾਰ ਹੈ
ਮਾਂ ਪਿਉ ਨੂੰ ਬੱਚਾ
ਬੱਚੇ ਨੂੰ ਮਾਂ ਪਿਉ ਸਵੀਕਾਰ ਹੈ
ਕਿਉਂਕਿ ਦੋਵੇਂ
ਇਕ ਦੂਜੇ ਦਾ ਦਰਪਣ ਹਨ
ਚਿਹਰਾ ਹਨ
ਅੰਦਰ ਹਨ ਬਾਹਰ ਹਨ
ਚਾਰ ਚੁਫੇਰਾ ਹਨ

-0-

ਮਨੁੱਖ ਨੂੰ
ਆਪਣਾ ਭੂਤ ਵਰਤਮਾਨ ਤੇ
ਭਵਿੱਖ ਸਿਰਜਣ ਤੋਂ ਪਹਿਲਾਂ
ਮਨੁੱਖਤਾ ਅਨੁਕੂਲ
ਸਮੱਗਰੀ ਦਾ ਖ਼ਮੀਰ ਸਿਰਜ

ਲੈਣਾ ਚਾਹੀਦਾ ਹੈ
ਤਾਂ ਕਿ ਉਸਦੇ ਸਵੈ ਸਿਰਜੇ
ਵਸਤੂ ਸੰਸਾਰ 'ਚ
ਦੁਬਾਰਾ ਫਿਰ ਉਹ ਕੁੱਝ
ਨਾ ਉੱਗ ਪਵੇ
ਜਿਸ ਨੂੰ
ਮਨੁੱਖ ਨੂੰ ਆਪਣੇ ਆਪ ਚੋਂ
ਮਨਫ਼ੀ ਕਰਨਾ ਪਵੇ
ਦੁਬਾਰਾ ਭਵਿੱਖ ਚੋਂ
ਭੂਤ 'ਚ ਉਤਰਨਾ ਪਵੇ

–0–

ਬੋਅ ਮਾਰਦਾ ਪਹਿਨਣ
ਤੇ ਭਾਸ਼ਾ ਨੂੰ
ਜੀਵਨ ਦੀ ਪ੍ਰਯੋਗਸ਼ਾਲਾ 'ਚ
ਪ੍ਰਯੋਗ ਕੇ
ਉਸ ਚੋਂ ਉਹ ਜੀਨ
ਜੋ ਪਹਿਨਣ ਤੇ ਭਾਸ਼ਾ 'ਚ
ਬੋਅ ਉਸਾਰਦੇ ਹਨ
ਉਨ੍ਹਾਂ ਨੂੰ ਭਾਸ਼ਾ ਤੇ ਪਹਿਨਣ ਦੀ
ਹੋਂਦ ਚੋਂ ਕੱਢ ਕੇ
ਵਿਗਿਆਨਕ ਪ੍ਰਯੋਗਸ਼ਾਲਾ 'ਚ
ਸਦਾ ਸੱਜਰੀ ਖ਼ੁਸ਼ਬੂਦਾਰ

ਭਾਸ਼ ਤੇ ਪਹਿਨਣ ਦੇ ਜੀਨ
ਉਤਾਰਨੇ ਚਾਹੀਦੇ ਹਨ
ਭਾਵੇਂ ਇਹ ਜੀਨ
ਮਨੁੱਖ ਦੀ ਆਪਣੀ ਭਾਸ਼ਾ
ਆਪਣੇ ਪਹਿਨਣ ਦੇ
ਵਿਅੱਕਤੀਗਤ ਵਜ਼ੂਦ ਦੀ
ਬਿਜਾਏ
ਕਿਸੇ ਹੋਰ ਭਾਸ਼ਾ ਜਾਂ ਪਹਿਨਣ
ਦੇ ਹੋਣ

-0-

ਬੁੱਸਿਆ ਸਮਾਂ
ਤੇ ਮਹਿਕ ਵਿਹੂਣੀਆਂ ਪੌਣਾਂ
ਦੀ ਦੇਹ ਨੂੰ
ਲਬਾਟਰੀ 'ਚ ਪਰਖ ਕੇ
ਪੌਣਾਂ ਤੇ ਸਮੇਂ ਦੇ ਵਜ਼ੂਦ ਦੇ
ਜਰਮਾਂ ਦਾ
ਵਿਗਿਆਨਕ ਅਧਿਅਨ
ਕਰਨ ਪਿਛੋਂ
ਪੌਣਾਂ ਤੇ ਸਮੇਂ ਦੀ ਕਾਰਜ
ਪ੍ਰਣਾਲੀ 'ਚ
ਭਵਿੱਖਵਾਦੀ ਜੀਨਾਂ ਦੇ ਜੀਨ
ਧਰਨ
ਤਾਂ ਕਿ ਸਮੇਂ ਤੇ ਪੌਣਾਂ ਦੇ ਵਜ਼ੂਦ 'ਚ

ਖ਼ੁਸ਼ਬੂਆਂ ਤੇ ਸੱਜਰਾਪਣ
ਸਦਾ ਲਈ ਰਹਿ ਸਕੇ
ਤੇ ਮਨੁੱਖ ਦੇ ਭਵਿੱਖ 'ਚ
ਨਿਰੰਤਰ ਵਹਿ ਸਕੇ

-0-

ਪੁਰਾਣੀ ਧਰਤੀ
ਤੇ ਬੁੱਢੇ ਆਸਮਾਂ ਲਈ
ਮਨੁੱਖ ਵਿਗਿਆਨਕ ਦ੍ਰਿਸ਼ਟੀਕੋਣ
ਤੋਂ ਸੋਚ ਕੇ
ਇਨ੍ਹਾਂ ਦੀ ਨਵੀਂ ਸਿਰਜਣਾ ਲਈ
ਵਿਗਿਆਨਕ ਤੇ ਦਾਰਸ਼ਨਿਕ
ਪਹਿਲੂਆਂ ਤੋਂ ਵਿਚਾਰੇ
ਧਰਤੀ ਦੀ ਉਤਪੱਤੀ ਦੀ
ਕਾਰਜ ਪ੍ਰਣਾਲੀ
ਵਿਗਿਆਨਕ ਪ੍ਰਯੋਗਸ਼ਾਲਾ 'ਚ
ਪਰਖੇ
ਤੇ ਬੁੱਢੇ ਆਸਮਾਂ ਦੇ ਗਿਆਨ ਤੇ
ਵਿੱਦਿਅਕ ਖਜ਼ਾਨੇ ਤੇ
ਫਲਸਫੇ ਨੂੰ
ਇਤਿਹਾਸਕ ਦ੍ਰਿਸ਼ਟੀ ਤੋਂ ਸਮਝੇ
ਕਿਉਂਕਿ
ਜੇ ਧਰਤੀ ਉਤਪੱਤੀ ਦੀ ਮਾਂ ਹੈ

ਤਾਂ ਅੰਬਰ ਗਿਆਨ ਦਾ
ਸਾਗਰ ਹੈ
ਦੋਹਾਂ ਦੀ ਦੇਹ ਦੀ ਹੋਂਦ ਬਦਲਣ ਤੋਂ
ਪਹਿਲਾਂ ਇਹਨਾਂ ਦੀ ਹੋਂਦ ਦਾ ਸੱਚ
ਸਮਝਣਾ ਜ਼ਰੂਰੀ ਹੈ
ਇਨ੍ਹਾਂ ਦੀ ਹੋਂਦ ਦਾ ਸੱਚ
ਜਿਨ੍ਹਾਂ ਅਣੂਆਂ ਜੀਨਾਂ ਤੋਂ
ਬਣਿਆ ਹੈ
ਜੋ ਇਨ੍ਹਾਂ 'ਚ ਪੁਰਾਣਾਪਨ ਤੇ
ਬੁੱਢਾਪਾ ਵਿਸਥਾਰਦੇ ਹਨ
ਉਨ੍ਹਾਂ ਅਣੂਆਂ ਤੇ ਜੀਨਾਂ ਨੂੰ
ਬਦਲਣ ਦੀ ਲੋੜ ਹੈ
ਨਵੇਂ ਜੀਨਾਂ ਸੰਗ
ਨਵੀਂ ਧਰਤੀ ਤੇ ਨਵਾਂ ਅੰਬਰ
ਸਿਰਜਣ ਦੀ ਲੋੜ ਹੈ

-0-

ਦੁਨੀਆਂ ਦੀ ਕਿਸੇ ਵੀ
ਵਸਤੂ ਦੀ ਰੂਪ ਰੇਖਾ
ਵਜ਼ੂਦ ਸ਼ਕਲ ਨਕਸ਼
ਉਸਦੇ ਜੀਨਾਂ ਤੇ ਆਧਾਰਤ ਹਨ
ਜੀਨ ਉਹ ਅੰਕੁਰ ਹੈ
ਜਿਸ ਚੋਂ ਵਸਤੂ ਸੰਸਾਰ

ਜਾਂ ਮਨੁੱਖੀ ਸੰਸਾਰ ਦਾ
ਰੁੱਖ ਉੱਗਦਾ ਹੈ
ਆਪਣਾ ਰੰਗ ਰੂਪ ਸ਼ਕਲ
ਆਕਾਰ ਧਾਰਨ ਕਰਦਾ ਹੈ
ਇਹ ਜੀਨ ਕੋਹੜ 'ਚ
ਸੁੰਦਰਤਾ
ਸੁੰਦਰਤਾ 'ਚ ਕੋਹੜ ਉੱਗਾ
ਸਕਦੇ ਹਨ
ਨਵੇਂ ਸੰਸਾਰ ਨੂੰ ਮਨੁੱਖ ਤੇ
ਮਨੁੱਖਤਾ ਅਨੁਕੂਲ ਬਣਾ ਸਕਦੇ ਹਨ

–0–

ਮਨੁੱਖ ਜੋ
ਆਪਣੇ ਅਨੁਕੂਲ ਸੰਸਾਰ
ਸਿਰਜਦਾ ਹੈ
ਤਾਂ ਮਨੁੱਖ ਨੂੰ
ਅਨੁਕੂਲ ਸੰਸਾਰ ਦੇ ਵਜੂਦ 'ਚ
ਉਨ੍ਹਾਂ ਜੀਨਾਂ ਦੇ ਅੰਕੂਰ ਬੀਜਣੇ
ਪੈਣਗੇ
ਜੋ ਸੰਸਾਰ ਮਨੁੱਖ ਦਾ ਸੰਕਲਪ ਹੈ

–0–

ਮਨੁੱਖ ਨੂੰ,
ਆਪਣਾ ਸੋਚਣ ਦਾ ਦਾਇਰਾ ਵੀ
ਵਿਸ਼ਾਲ ਕਰਨਾ ਪਵੇਗਾ
ਜੇ ਉਹ ਸੰਸਾਰ ਮਨੁੱਖੀ ਹੋਂਦ ਚੋਂ

ਨਹੀਂ ਸਿਰਜਿਆ ਜਾ ਸਕਦਾ
ਤਾਂ ਸੰਕਲਪੇ ਸੰਸਾਰ ਨੂੰ
ਯਥਾਰਥਕ ਰੂਪ ਦੇਣ ਲਈ
ਇਹ ਜੀਨ ਮਨੁੱਖੀ ਦਾਇਰੇ ਦੀ
ਹੋਂਦ ਤੋਂ ਬਿਨਾਂ
ਬਾਹਰਲੇ ਦਾਇਰਿਆਂ ਚੋਂ ਵੀ
ਲਏ ਜਾ ਸਕਦੇ ਹਨ
ਜੀਵ ਜੰਤੂ ਪਸ਼ੂ ਪਖਸ਼ੀ
ਪ੍ਰਕਿਰਤੀ
ਇਸ ਲਈ ਸਹਾਈ ਹੋ ਸਕਦੇ ਹਨ

-0-

ਪਰ ਉਸ ਸਿਰਜੇ ਸੰਸਾਰ 'ਚ
ਮਨੁੱਖ ਦਾ ਰਹਿਣਾ
ਸੰਭਵ ਹੋਵੇਗਾ ਕਿ ਨਹੀਂ
ਇਹ ਸਮਾਂ ਹੀ ਦੱਸੇਗਾ
ਕਿਉਂਕਿ ਮਨੁੱਖ ਦੁਆਰਾ
ਸਿਰਜਿਆ ਸੰਸਾਰ
ਮਨੁੱਖ ਦੇ ਅਨੁਕੂਲ ਤਾਂ ਹੋ
ਸਕਦਾ ਹੈ
ਪਰ ਸ਼ਰਤੀਆ ਤੌਰ ਤੇ
ਮਨੁੱਖ ਦਾ ਆਪਣਾ ਹੋ ਸਕਦਾ
ਹੈ ਕਿ ਨਹੀਂ
ਕੁੱਝ ਨਹੀਂ ਕਿਹਾ ਜਾ ਸਕਦਾ

ਸਿਰਜੇ ਸੰਸਾਰ ਦਾ ਵਜ਼ੂਦ
ਜੇ ਗੈਰ ਮਨੁੱਖੀ ਜੀਨਾਂ ਦਾ ਹੈ
ਤਾਂ ਮਨੁੱਖ ਮਹਿਸੂਸ ਕਰੇਗਾ
ਕਿ ਸੰਸਾਰ ਉਸਦਾ ਆਪਣਾ
ਨਹੀਂ ਲੱਗਦਾ
ਇਸ ਚੋਂ ਮਨੁੱਖ ਦਾ
ਆਪਣਾ ਚਿਹਰਾ ਨਹੀਂ ਦਿਸਦਾ
ਇਸ ਲਈ
ਜਿੱਥੇ ਅਨੁਕੂਲ ਸੰਸਾਰ
ਸਿਰਜਣ ਦੀ ਲੋੜ ਹੈ
ਉਥੇ ਮਨੁੱਖ ਨੂੰ
ਸਿਰਜੇ ਸੰਸਾਰ ਅਨੁਸਾਰ
ਢਲਣ ਦੀ ਵੀ ਲੋੜ ਹੈ

-0-

## ਕੈਸੀ ਝੜੀ ਹੈ

ਭਿੱਜਿਆ ਹੈ ਬਦਨ
ਨਾ ਬੱਦਲ ਹੈ ਨਾ ਸਾਵਣ ਹੈ
ਕੈਸਾ ਹੈ ਮੌਸਮ
ਇਹ ਕੈਸੀ ਝੜੀ ਹੈ
ਵਿਹੜੇ 'ਚ ਪਏ ਪੱਥਰ ਤੇ
ਵਰ੍ਹਨ ਪਿਛੋਂ
ਨੁਚੜੀ ਬੱਦਲੀ ਕੋਈ ਬੂਹੇ ਤੇ ਖੜ੍ਹੀ ਹੈ

-0-

ਤੂੰ ਕੀ ਤੱਕਿਆ
ਅਸੀਂ ਆਪਣੀ ਸ਼ਨਾਖ਼ਤ
ਗੁਆ ਬੈਠੇ
ਕੀ ਕਰਨੀ ਹੈ ਕਿਸੇ ਲੰਬੀ ਉਮਰ
ਜ਼ਿੰਦਗੀ ਜਿਉਣ ਲਈ
ਉਮਰ ਤਾਂ
ਤੇਰੀ ਪਲਕ ਝਪਕਣ ਜਿੱਡੀ ਹੀ ਬੜੀ ਹੈ

-0-

ਜ਼ਿੰਦਗੀ ਦਾ ਕੀ ਹਾਸਲ ਹੈ
ਕੀ ਮਨਫ਼ੀ ਹੈ
ਜ਼ਿੰਦਗੀ ਤਾਂ ਜਮ੍ਹਾਂ ਘਟਾਉ 'ਚ
ਤਕਸੀਮੀ ਗਈ ਹੈ
ਕੁੱਝ ਨਾ ਹੁੰਦਾ
ਤਾਂ ਕੁੱਝ ਹੋਣ ਤੋਂ ਬਿਹਤਰ ਸੀ
ਜ਼ਿੰਦਗੀ ਹਕੀਕਤ 'ਚ
ਕੁੱਝ ਇਸ ਤਰ੍ਹਾਂ ਕੱਟੀ ਹੈ

-0-

# ਤੇਰਾ ਜਾਣਾ

ਜੋ ਹਵਾ
ਤੇਰੇ ਦਾਮਨ ਨੂੰ ਛੋਹ ਕੇ ਆਏ
ਖ਼ੁਸ਼ਬੂ ਦੀ ਤਰ੍ਹਾਂ ਮਹਿਕੇ
ਜਿੱਧਰ ਵੀ ਜਾਏ
ਜੀਵੇ ਕੋਈ ਮੌਤ ਤੋਂ ਪਹਿਲਾਂ ਵੀ
ਤੇ ਪਿਛੋਂ ਵੀ
ਮਰਕੇ
ਜ਼ਿੰਦਗੀ ਜੀਉਣ ਦਾ ਅਹਿਸਾਸ
ਹੋ ਜਾਏ

–0–

ਇਹ ਤੇਰਾ
ਬਣ ਠਣ ਕੇ ਨਿਕਲਣਾ
ਸਹਿਰਾ 'ਚ ਬੱਦਲ
ਵੀਰਾਨੇ 'ਚ ਬਹਾਰ ਆ ਜਾਏ
ਤੇਰਾ ਆਉਣਾ ਹੈ
ਸੂਰਜ ਦਾ ਉਦੈ ਹੋਣਾ
ਤੇਰਾ ਜਾਣਾ
ਤਲੀ ਤੇ ਮੌਤ ਧਰ ਜਾਏ

–0–

ਤੇਰੀ ਪਿਆਸ ਦੀ
ਕੋਈ ਪਿਆਸ ਕੀ ਜਾਣੇ
ਡੀਕ ਜਾਏ ਸਾਗਰ
ਪਲਾਂ 'ਚ ਸਹਿਰਾ ਨਿਕਲ ਜਾਏ
ਤੇਰੇ ਤੋਂ ਮੋੜੀਆਂ
ਜਿਸ ਸ਼ਖ਼ਸ ਨੇ ਨਜ਼ਰਾਂ
ਜੀਵੇ ਜੂਨ ਕਬਰਾਂ ਦੀ
ਜਿਉਂਦੇ ਜੀਅ ਹੀ ਮਰ ਜਾਏ

–0–

## ਵੈਸ਼ੀਆ

ਬੜੀ ਭੀੜ ਸੀ
ਉਸ ਮਰ ਰਹੇ ਬੌਲਦ ਦੁਆਲੇ
ਜੋ ਪ੍ਰਾਣ ਤਿਆਗਣ ਦੀ ਪੀੜ
ਹੰਢਾ ਰਿਹਾ ਸੀ
ਤੜਪ ਰਿਹਾ ਸੀ
ਤੜਪਦੇ ਬੌਲਦ ਕੋਲੋਂ
ਕਈ ਸਾਧੂ ਸੰਤ ਰਿਸ਼ੀ ਮੁਨੀ
ਗੁਜ਼ਰੇ
ਬੌਲਦ ਦਾ ਮਾਲਕ
ਹੱਥ ਜੋੜ ਉਨ੍ਹਾਂ ਅੱਗੇ ਬੇਨਤੀ
ਕਰਦਾ
ਆਪਣਾ ਸਿਰ
ਉਨ੍ਹਾਂ ਦੇ ਪੈਰਾਂ 'ਚ ਧਰਦਾ
ਕਿ ਉਹ ਤੜਪਦੇ ਬੌਲਦ ਨੂੰ
ਵੇਖ ਨਹੀਂ ਸਕਦਾ ਸਹਾਰ ਨਹੀਂ ਸਕਦਾ

-0-

ਐ ਮਹਾਂ ਪੁਰਸ਼ੋ
ਤੁਸੀਂ ਇਸ ਲਈ ਦੁਆ ਕਰੋ
ਅਰਦਾਸ ਕਰੋ
ਕਿ ਇਸਦੇ ਪ੍ਰਾਣ ਜਲਦੀ
ਨਿਕਲ ਜਾਣ
ਇਸਨੂੰ ਸ਼ਾਂਤੀ ਮਿਲੇ
ਮੈਨੂੰ ਸੁੱਖ ਦਾ ਸਾਹ ਆਵੇ

-0-

ਸਾਧੂਆਂ ਸੰਤਾਂ ਰਿਸ਼ੀਆਂ
ਮੁਨੀਆਂ
ਦੁਆ ਤੇ ਅਰਦਾਸਾਂ ਕੀਤੀਆਂ
ਪਰ ਬੌਲਦ ਦੇ ਪ੍ਰਾਣ ਨਾ ਨਿਕਲੇ
ਬੌਲਦ ਦਾ ਮਾਲਕ
ਰੋਂਦਾਂ ਕੁਰਲਾਉਂਦਾ ਰਿਹਾ
ਹਰ ਇਕ ਦੇ ਵਾਸਤੇ
ਪਾਉਂਦਾ ਰਿਹਾ
ਆਪਣੇ ਰੁੱਸੇ ਰੱਬ ਨੂੰ
ਮਨਾਉਂਦਾ ਰਿਹਾ
ਪਰ ਕੁੱਝ ਵੀ ਹਾਸਲ ਨਾ ਹੋਇਆ
ਬੌਲਦ ਤੜਪਦਾ ਰਿਹਾ
ਪਰ ਨਾ ਮੋਇਆ

-0-

ਕੁੱਝ ਚਿਰ ਪਿਛੋਂ
ਇਕ ਵੈਸ਼ੀਆ ਦੀ ਪਾਲਕੀ
ਕੋਲੋਂ ਗੁਜ਼ਰੀ
ਵੈਸ਼ੀਆ ਭੀੜ ਵੇਖ ਕੇ ਰੁਕ ਗਈ
ਪਾਲਕੀ ਚੋਂ ਉਤਰੀ
ਬੌਲਦ ਤੜਪਦਾ ਵੇਖਿਆ
ਬੌਲਦ ਦਾ ਮਾਲਕ ਰੋਇਆ
ਕੁਰਲਾਇਆ
ਵੈਸ਼ੀਆ ਦੇ ਪੈਰੀਂ ਪੈ ਗਿਆ

ਤੇ ਬੌਲਦ ਦੇ ਪ੍ਰਾਣ ਤਿਆਗਣ ਦੀ
ਦੁਆ ਲਈ ਵੈਸ਼ੀਆ ਨੂੰ ਕਿਹਾ

-0-

ਵੈਸ਼ੀਆ ਨੇ ਦੁਆ ਕੀਤੀ
ਬੌਲਦ ਪ੍ਰਾਣ ਤਿਆਗ ਗਿਆ
ਭੀੜ ਤੇ ਮਾਲਕ ਹੈਰਾਨ ਹੋ ਗਏ
ਕਿ ਜਿੱਥੇ ਸਾਧੂਆਂ ਸੰਤਾਂ ਰਿਸ਼ੀਆਂ
ਮੁਨੀਆਂ ਦੀਆਂ ਦੁਆਵਾਂ ਦਾ ਅਸਰ
ਨਹੀਂ ਹੋਇਆ
ਉੱਥੇ ਇਕ ਵੈਸ਼ੀਆ ਦੀ ਦੁਆ ਤੇ
ਰੱਬ ਖ਼ੁਦ ਹਾਜ਼ਰ ਹੋ ਗਿਆ
ਵੈਸ਼ੀਆ ਦੀ ਫ਼ਰਿਆਦ ਸੁਣ ਲਈ
ਤੇ ਬੌਲਦ ਨੂੰ ਮੁਕਤੀ ਮਿਲ ਗਈ

-0-

ਬੌਲਦ ਦਾ ਮਾਲਕ
ਵੈਸ਼ੀਆ ਦੇ ਪੈਰੀਂ ਢਹਿ ਪਿਆ
ਤੇ ਬੋਲਿਆ
ਤੁਹਾਡਾ ਕੋਈ ਵੀ ਕਰਮ ਚੰਗਾ ਨਹੀਂ
ਫਿਰ ਕਿਹੜੇ ਕਰਮ ਦਾ ਫੱਲ ਹੈ
ਜੋ ਤੁਸੀਂ ਬੌਲਦ ਨੂੰ ਲਾਇਆ ਹੈ
ਉਸਦੀ ਦੇਹ ਨੇ ਮੁਕਤੀ ਨੂੰ ਪਾਇਆ ਹੈ

-0-

ਵੈਸ਼ੀਆ ਬੋਲੀ
ਬੜੀ ਬਰਸਾਤ ਸੀ
ਹਨ੍ਹੇਰੀ ਤੇ ਕਾਲੀ ਰਾਤ ਸੀ
ਅੱਧੀ ਰਾਤ ਨੂੰ
ਮੇਰੇ ਕੋਲੋਂ ਕੁੱਝ ਚੋਰ ਆਏ.
ਤੇ
ਆਪਣੇ ਨਾਲ ਪਿੰਜਰੇ 'ਚ
ਬੰਦ ਤੋਤਾ ਲੈ ਆਏ
ਉਹ ਤੋਤਾ ਰੋਜ਼ ਸਵੇਰੇ
ਗੀਤ ਦੇ ਅਠਾਰਵੇਂ ਅਧਿਆਏ
ਦਾ ਪਾਠ ਕਰਦਾ ਸੀ
ਤੇ ਮੈਂ ਸੁਣਦੀ ਸਾਂ
ਉਸ ਪਾਠ ਦਾ ਪੁਨ
ਮੈਂ ਬੌਲਦ ਨੂੰ ਲਾਇਆ ਹੈ
ਬੌਲਦ ਦੀ ਮੌਤ ਦਾ
ਚੱਕਰ ਮੁਕਾਇਆ ਹੈ

-0-

## ਉਦਾਸੀ

ਪੁੱਛਿਆ ਗਲੀ ਦੇ ਮੋੜ ਤੋਂ
ਤੇਰਾ ਹਾਲ ਕਈ ਵਾਰੀ
ਦੱਸਿਆ
ਘਰ ਉਦਾਸ ਨੇ
ਗਲੀਆਂ ਵਿਹੜੇ ਉਦਾਸ ਨੇ
ਕੰਧਾਂ ਤੇ ਛੱਤਾਂ ਉਦਾਸ ਨੇ
ਉਦਾਸ ਚਿਹਰੇ
ਇਸ ਸ਼ਹਿਰ ਦੇ ਪਾਸ ਨੇ
ਸ਼ਹਿਰ ਉਦਾਸ ਚਿਹਰਿਆਂ
ਦਾ ਲਿਬਾਸ ਹੈ
ਨਾ ਸ਼ਹਿਰ ਦਾ ਚਿਹਰਿਆਂ ਕੋਲ
ਪਤਾ ਹੈ
ਨਾ ਚਿਹਰਿਆਂ ਦਾ ਪਤਾ
ਸ਼ਹਿਰ ਪਾਸ ਹੈ
ਸ਼ਹਿਰ ਦੀ ਹਵਾ ਅੱਗਣ
ਜਲ ਉਦਾਸ ਹੈ
ਸ਼ਹਿਰ ਦੀ ਧਰਤੀ
ਅਕਾਸ਼ ਉਦਾਸ ਹੈ
ਸ਼ਹਿਰ ਦੀਆਂ ਅੱਖਾਂ 'ਚ
ਉਦਾਸੀ ਤੋਂ ਬਿਨਾਂ ਕੁੱਝ ਨਹੀਂ
ਪੁੱਛੇ ਕੋਈ ਸ਼ਹਿਰ ਤੋਂ ਰੰਗ ਲਹੂ ਦਾ
ਬੋਲਾਂ ਤੋਂ ਅਰਥਾਂ ਤਕ ਦੇ
ਪਿੰਡੇ ਉਦਾਸ ਨੇ

-0-

# ਭੂਤ ਵੱਲ ਤੁਰਦਾ ਭਵਿੱਖ

ਹਰ ਸ਼ਬਦ ਤਿੜਕਿਆ ਹੈ
ਹਰ ਅਰਥ ਸੁੰਘੜਿਆ ਹੈ
ਹਰ ਸੰਕਲਪ ਨੇ
ਸ਼ਬਦ ਤੇ ਅਰਥ ਰਿੜਕਿਆ ਹੈ
ਕੁੱਝ ਵੀ
ਸਮੇਂ ਦੇ ਹਾਣ ਦਾ ਨਹੀਂ
ਨਜ਼ਰ ਆਇਆ
ਜ਼ਿੰਦਗੀ 'ਚ ਮਨੁੱਖ ਨੇ
ਕੁੱਝ ਨਹੀਂ ਪਾਇਆ
ਜ਼ਿੰਦਗੀ ਦੇ ਸਫ਼ਰ 'ਚ
ਮਨੁੱਖ ਨੇ ਗੁਆਇਆ ਹੀ
ਗੁਆਇਆ ਹੈ

-0-

ਹਰ ਸੰਕਲਪ ਦੀ
ਹਰ ਸ਼ਬਦ ਦੀ
ਹਰ ਅਰਥ ਦੀ ਪਿੱਠ
ਚਿਹਰੇ ਤੇ ਉੱਗ ਆਈ ਹੈ
ਚਿਹਰਾ ਪਿੱਠ ਚੋਂ ਝਾਕਦਾ ਹੈ
ਭਵਿੱਖ ਦਾ ਭੂਤ ਹੋ ਗਿਆ ਹੈ
ਭੂਤ ਦਾ ਭਵਿੱਖ ਹੋ ਗਿਆ

-0-

ਅਰਥ ਸੁੰਘੜਦਾ ਸੁੰਘੜਦਾ
ਆਪਣੇ ਚੋਂ ਮਨਫ਼ੀ ਹੋ ਗਿਆ ਹੈ
ਸ਼ਬਦ ਤਿੜਕਦਾ ਤਿੜਕਦਾ
ਆਪਣੇ ਅੰਗਾਂ ਤੇ ਨਕਸ਼ਾਂ 'ਚ
ਗੁਆਚ ਗਿਆ ਹੈ
ਸੰਕਲਪ ਭੁਰਦਾ ਭੁਰਦਾ
ਆਪਣੇ ਅੰਬਰ ਤੋਂ ਮਿਟ ਗਿਆ ਹੈ

-0-

ਸਾਗਰ ਨਦੀਆਂ ਦਰਿਆਵਾਂ
'ਚ ਉਤਰ ਰਹੇ ਹਨ
ਹਵਾ ਅੰਤ ਤੋਂ ਆਦਿ ਵੱਲ ਵਗ
ਰਹੀ ਹੈ
ਸਮਾਂ ਭਵਿੱਖ ਤੋਂ
ਭੂਤ ਦੀ ਦਿਸ਼ਾ 'ਚ ਹੈ
ਮੌਸਮ ਬਹਾਰਾਂ ਰੁੱਤਾਂ
ਉਜਾੜਾਂ ਪਤਝੜਾਂ ਉਦਾਸੀਆਂ
'ਚ ਉਤਰ
ਗੁਲਸ਼ਨ ਚੋਂ ਅਲੋਪ ਹਨ
ਹਰ ਵਸਤੂ
ਆਪਣੀ ਜੜ 'ਚ ਸਿਮਟ ਰਹੀ ਹੈ
ਆਪਣੇ
ਸ਼ਬਦ ਅਰਥ ਸੰਕਲਪ ਦੀ ਭਾਲ 'ਚ
ਜੋ ਉਸਦੇ ਭਵਿੱਖ ਚੋਂ ਮਨਫ਼ੀ ਹੈ

ਉਸਦੀ ਜੜ੍ਹ 'ਚ ਰਹਿ ਗਿਆ ਹੈ
ਆਦਿ ਤੋਂ ਅੰਤ ਸਫ਼ਰ ਦੀ
ਸਮੱਗਰੀ ਦਾ ਅਰਥਹੀਣ ਰੁੱਖ
ਭਵਿੱਖ 'ਚ ਉੱਗ ਪਿਆ ਹੈ

-0-

ਦੁਨੀਆਂ 'ਚ ਕੋਈ ਮਨੁੱਖ ਨਹੀਂ
ਜੰਗਲ 'ਚ ਕੋਈ ਵੀ ਰੁੱਖ ਨਹੀਂ
ਪਹਾੜ ਕੋਈ ਵੀ
ਸਿਖ਼ਰ ਨਹੀਂ
ਅਕਾਸ਼ 'ਚ ਕੋਈ ਵੀ ਸੂਰਜ ਤਾਰਾ ਨਹੀਂ
ਉਤਪੱਤੀ ਦਾ ਧਰਤ 'ਚ
ਕਈ ਵਜ਼ੂਦ ਨਹੀਂ
ਜੋ ਅਰਥਹੀਣਤਾ ਦੀ ਜੂਨ ਨਾ
ਹੰਢਾ ਰਿਹਾ ਹੋਵੇ
ਭਵਿੱਖ ਦੀ ਅਸੰਤੁਸ਼ਟਤਾ 'ਚ
ਵਿਚਰਦਾ ਮਨੁੱਖ
ਭੂਤ 'ਚ ਸਿਮਟਦਾ ਜਾ
ਰਿਹਾ ਹੈ

-0-

ਕੀ ਹੋ ਗਿਆ ਹੈ
ਦੁਨੀਆਂ ਨੂੰ ਮਨੁੱਖ ਨੂੰ ਮਨੁੱਖਤਾ ਨੂੰ
ਜਿਸ 'ਚ ਜੀਵਨ ਨਹੀਂ
ਜੀਵਨ ਦਾ ਭਰਮ ਹੈ

ਸ੍ਰਿਸ਼ਟੀ ਦੇ ਵਿਕਾਸ ਦਾ
ਭੂਤ ਤੋਂ ਭਵਿੱਖ ਤਕ ਦਾ
ਅਰਥਹੀਣ ਸਫ਼ਰ ਹੈ
ਜ਼ਿੰਦਗੀ
ਆਪਣੇ ਤੋਂ ਆਪਣੀ
ਕੁੰਜ ਉਤਾਰ
ਆਪਣੇ ਨਵੇਂ ਜੀਵਨ ਧਰਾਤਲ
ਦੀ ਤਲਾਸ਼ 'ਚ
ਆਪਣੇ ਆਦਿ ਵੱਲ ਪਰਤ ਗਈ ਹੈ

-0-

ਜੀਵਨ ਹੋਂਦ ਦਾ ਸੱਚ
ਆਪਣੇ ਵਿਚਰਨ ਧਰਾਤਲ
ਦਾ ਰਾਹ ਤਿਆਗ
ਨਵਾਂ ਵਿਚਰਨ ਧਰਾਤਲ
ਤੇ ਵਿਕਾਸ ਦੇ ਰਾਹ ਸਿਰਜਣ 'ਚ
ਰੁੱਝ ਗਿਆ ਹੈ
ਆਪਣੇ ਆਪ ਨੂੰ ਛਾਣ ਪੁਣ
ਰਿਹਾ ਹੈ
ਦੁਬਾਰਾ ਉੱਗਣ ਲਈ
ਆਪਣਾ ਆਪ ਬੀਜ ਰਿਹਾ ਹੈ

-0-

ਅਜੋਕੇ ਭਵਿੱਖ 'ਚ
ਜਦ ਮਨੁੱਖੀ ਚੇਤਨਾ

ਭੂਤ ਵੱਲ ਨਜ਼ਰ ਮਾਰਦੀ ਹੈ
ਤਾਂ ਉਸਨੂੰ ਲੱਗਦਾ ਹੈ
ਉਹ ਜਿੱਥੋਂ ਤੁਰੀ ਸੀ
ਉਥੇ ਹੀ ਖੜ੍ਹੀ ਹੈ
ਜੋ ਵਿਗਿਆਨ ਤੇ ਗਿਆਨ
ਦਾ ਸਫ਼ਰ ਕੀਤਾ ਹੈ
ਉਹ ਅਰਥਹੀਣ ਹੈ
ਪ੍ਰਯੋਜਨ ਰਹਿਤ ਹੈ
ਉਸ ਸਾਰੇ ਸਫ਼ਰ 'ਚ
ਮਨੁੱਖ ਦਾ ਚਿਹਰਾ ਅੰਗ ਨਕਸ਼
ਤਾਂ ਹਨ
ਪਰ ਸਾਲਮ ਮਨੁੱਖ ਕਿਤੇ ਨਹੀਂ
ਮਨੁੱਖ ਦਾ ਅਸਲ ਸੱਚ
ਕਿਤੇ ਨਹੀਂ
ਅਸਲ ਸੱਚ ਦਾ ਮਨੁੱਖ
ਕਿਤੇ ਨਹੀਂ

-0-

ਮਨੁੱਖ
ਆਪਣੇ ਬੀਜ 'ਚ ਉਤਰ ਗਿਆ ਹੈ
ਆਪਣਾ ਆਪ
ਦੁਆਰਾ ਉੱਗਾਉਣ ਲਈ
ਆਪਣੇ ਅਨੁਕੂਲ ਤੇ
ਸਮੇਂ ਦੇ ਹਾਣ ਦਾ ਭਵਿੱਖ
ਸਿਰਜਣ ਲਈ

ਮਨੁੱਖ ਦਾ ਅਰਥ
ਵਿਕਾਸ ਹੋਵੇ
ਭਵਿੱਖ ਚੋਂ ਭੂਤ ਨਾ ਦਿੱਸੇ
ਭਵਿੱਖ-ਦਾ ਚਿਹਰਾ ਹੀ
ਭਵਿੱਖ ਦੇ ਪਾਸ ਹੋਵੇ
ਅਰਥ ਭਰਪੂਰ ਉੱਗਿਆ
ਮਨੁੱਖਤਾ ਦਾ ਰੁੱਖ ਹੋਵੇ
ਜਿਸਦਾ ਛੱਜਰ ਸਾਕੂਨ ਦਾ
ਜੜ੍ਹਾਂ 'ਚ ਸੁੱਖ ਦੀ ਧਰਤ ਹੋਵੇ
ਸੂਰਜਾਂ ਚੰਨਾਂ ਤਾਰਿਆਂ ਦੇ
ਹਾਜ਼ੂਮ ਪੱਤਿਆਂ ਤੇ
ਵੱਖ ਵੱਖ ਰੰਗਾਂ ਤੇ ਬੋਲੀਆਂ ਦੇ
ਪੰਛੀਆਂ ਦਾ
ਟਹਿਣੀਆਂ ਤੇ ਬਸਰ ਹੋਵੇ
ਸੱਚ ਸੁੰਦਰਤਾ ਕਲਿਆਣ ਦਾ
ਉਸ ਰੁੱਖ ਤੇ ਡੇਰਾ ਹੋਵੇ
ਭਵਿੱਖ਼ ਭਵਿੱਖ 'ਚ ਉਤਰਦਾ
ਚਲਾ ਜਾਵੇ
ਮਨੁੱਖ ਮਨੁੱਖਤਾ ਦਾ ਸੱਚ ਕਹਾਵੇ
ਭੂਤ ਚੋਂ ਐਸਾ ਭਵਿੱਖ ਸਿਰਜੇ
ਕਿ ਮਨੁੱਖੀ ਚੇਤਨਾ
ਫਿਰ ਕਦੀ ਭਵਿੱਖ ਤੋਂ ਨਾ ਭੂਤ
ਦਾ ਸਫ਼ਰ ਹੰਢਾਵੇ

-0-

## ਮੈਂ ਪੱਥਰ

ਕੌਣ ਕਿਸੇ ਦੇ ਕਰੀਬ ਹੈ
ਆਪਣਾ ਆਪਣਾ ਨਸੀਬ ਹੈ
ਕੁੱਲੀ 'ਚ ਵੀ ਕੋਈ ਬਾਦਸ਼ਾਹ
ਤਖ਼ਤ ਤੇ ਬੈਠਾ ਵੀ
ਕੋਈ ਗਰੀਬ ਹੈ

–0–

ਜ਼ਿੰਦਗੀ
ਛੱਡ ਗਈ ਦਾਮਨ ਮੇਰਾ
ਤੇਰੀ ਤਰ੍ਹਾਂ
ਜ਼ਿੰਦਗੀ ਤੇਰੇ ਮੌਤ ਮੇਰੇ
ਕਰੀਬ ਹੈ
ਬ਼ੇਵਫ਼ਾ ਹੀ ਸਹੀ
ਬਾਵਫ਼ਾ ਜੋ ਨਹੀਂ
ਤੇਰੇ ਮੇਰੇ ਪਿਆਰ ਦਾ
ਰਿਸ਼ਤਾ ਅਜ਼ੀਬ ਹੈ

–0–

ਤੂੰ ਫੁੱਲ ਹੈਂ
ਮੈਂ ਪੱਥਰ ਦਾ ਪੱਥਰ ਹੀ ਰਿਹਾ
ਸ਼ੀਸ਼ੇ ਦੇ ਘਰਾਂ ਨੂੰ
ਪੱਥਰ ਨਸੀਬ ਹੈ
ਵਫ਼ਾ ਦੇ ਬੀਜ ਬੀਜੇ ਸਨ
ਜ਼ਫ਼ਾ ਦੇ ਫੁੱਲ ਉੱਗ ਆਏ
ਤੇਰੀ ਦੁਨੀਆਂ ਅਵੱਲੀ ਹੈ
ਤੇਰੀ ਧਰਤੀ ਅਜ਼ੀਬ ਹੈ

–0–

ਮਰ ਗਈ ਸੋਹਣੀ
ਝਨਾਂ 'ਚ ਡੁੱਬ ਕੇ
ਲਾਸ਼ ਵੀ ਨਾ ਮਿਲੀ
ਕੀ ਲਿਖੀ ਤਕਦੀਰ ਹੈ
ਕਿੰਜ ਖਿੜਨਗੇ ਫੁੱਲ ਵਫ਼ਾ ਦੇ
ਸਾਏ ਦੀ ਜਮੀਂ ਤੇ
ਦੇਹ ਦਾ ਸਾਇਆ ਹੀ
ਆਪਣਾ ਰਕੀਬ ਹੈ

-0-

ਜੇ ਹਨ੍ਹੇਰਾ ਹੀ ਕਾਰਣ ਹੈ
ਦੀਵੇ ਦੇ ਬਲਣ ਦਾ
ਤਾਂ ਦੀਵੇ ਦਾ ਚਾਨਣ ਦੀਵੇ
ਲਈ ਸਲੀਬ ਹੈ
ਕਹਿੰਦਾ ਹੈ ਦਿਲ
ਲੋਅ ਦੀਵੇ ਦੀ ਹੈ ਸਫ਼ਰ ਸੂਰਜ ਦਾ
ਕਹਿੰਦੀ ਹੈ ਤਰਕ
ਦੀਵੇ ਹੇਠਲਾ ਹਨ੍ਹੇਰਾ ਹੀ
ਦੀਵੇ ਦਾ ਨਸੀਬ ਹੈ

-0-

## ਅੱਗ ਦੀ ਖੇਡ

ਤੇਰੇ ਬਲਦੇ ਨੈਣੀਂ ਉਤਰਿਆ
ਤੇਰੇ ਅੰਗਾਂ ਤੇ ਨਕਸ਼ਾਂ ਦੇ
ਦਾਵ੍ਹਾਨਲ ਨੂੰ ਪੀਤਾ
ਮੇਰੀ ਦੇਹ ਤੰਦੂਰ ਵਾਂਗ ਤਪ ਗਈ
ਦੋਹਾਂ ਨੇ ਚਿੱਟਾ ਲਹੂ ਕੱਤਿਆ
ਤੇਰੇ ਬਦਨ ਤੇਰੀ ਕੁੱਖ ਚੋਂ
ਮੇਰੀ ਹੋਂਦ ਉੱਗ ਪਈ

–0–

ਮੇਰੇ ਚਿੱਟੇ ਲਹੂ ਦੇ ਹਰ ਕਤਰੇ ਚੋਂ
ਮੇਰਾ ਚਿਹਰਾ ਉੱਗ ਪਿਆ
ਚਿਹਰਿਆਂ ਦਾ ਜੰਗਲ
ਤੇਰੇ ਪਿੰਡੇ ਦੀ ਧਰਤੀ ਤੇ ਫੈਲਿਆ
ਮੈਂ ਇਸ ਅੱਗਣ ਚਿਹਰਿਆਂ
ਦੇ ਜੰਗਲ ਚੋਂ
ਤੇਰੇ ਪਿੰਡੇ ਦੀ ਧਰਤੀ ਲੱਭਦਾ
ਉਤਪੱਤੀ ਦੀ ਵਗਦੀ ਨਦੀ ਦਾ
ਚਿਹਰਾ ਤਲਾਸ਼ਦਾ
ਅੱਗ ਦਾ ਸਾਗਰ ਤਰਦਾ ਰਿਹਾ
ਆਪਣੇ ਆਪ ਤੋਂ ਤੁਰ ਕੇ
ਆਪਣੇ ਆਪ 'ਚ ਹਰ ਵਾਰ
ਖ਼ਾਲੀ ਪਰਤਦਾ ਰਿਹਾ

–0–

ਤੇਰੇ ਬਦਨ ਦੀ ਧਰਤੀ
ਮੇਰੇ ਹੀ ਸੇਕ 'ਚ ਪਿਘਲ ਗਈ

ਮੇਰਾ ਚਿਹਰਾ
ਮੇਰਾ ਵਜੂਦ ਹੋ ਗਈ
ਤੇਰੇ ਅੰਗਾਂ ਤੇ ਨਕਸ਼ਾਂ ਦੀ
ਨੁਹਾਰ ਮਿਟ ਗਈ
ਮੇਰੀ ਪਹਿਚਾਣ ਹੋ ਗਈ
ਮੇਰਾ ਹਸ਼ਰ ਹੋ ਗਈ
ਤੇਰੇ ਬਲਦੇ ਜੋਬਣ ਦੀ ਅੱਗ
ਮੇਰੇ ਤੱਤੇ ਲਹੂ ਦਾ ਸਫ਼ਰ ਹੋ ਗਈ

-0-

ਮੈਨੂੰ ਤੇਰੇ ਚਿਹਰੇ ਚੋਂ
ਆਪਣਾ ਚਿਹਰਾ ਹੀ ਨਜ਼ਰ
ਆਉਂਦਾ ਰਿਹਾ
ਮੈਂ ਆਪਣੇ ਅੰਗਾਂ ਤੇ ਨਕਸ਼ਾਂ 'ਚ
ਉਤਰਦਾ ਰਿਹਾ
ਆਪਣੇ ਆਪ ਤੇ ਮੋਹਿਤ ਹੋ
ਜਾਂਦਾ ਰਿਹਾ
ਤੇਰੀ ਵਾਸ਼ਨਾ ਤੇਰਾ ਵਜੂਦ
ਮੇਰੀ ਅੱਗ 'ਚ ਢਲ ਜਾਂਦਾ ਰਿਹਾ
ਮੈਨੂੰ ਕਰਕੇ ਮੇਰੇ ਚੋਂ ਮਨਫ਼ੀ
ਮੇਰੇ ਕਲਬੂਤ 'ਚ ਉਤਰ ਜਾਂਦਾ ਰਿਹਾ

-0-

ਤੂੰ ਅੱਗ ਦੀ ਖੇਡ
ਬਲਣ ਲਈ ਖੇਡੀ
ਮੈਂ ਅੱਗ ਦੀ ਖੇਡ ਠਰਨ ਲਈ ਖੇਡੀ
ਤੂੰ ਆਪਣੀ ਅੱਗ
ਮੇਰੀ ਅੱਗ 'ਚ ਉਤਾਰ ਕੇ

ਮੈਨੂੰ ਸਦਾ ਲਈ ਠਾਰ ਗਈ
ਤੇ ਅੱਗ ਦੀਆਂ ਲਪਟਾਂ
ਦੀਆਂ ਕੰਧਾਂ
ਧਰਤ ਤੋਂ ਅਸਮਾਨ ਤਕ
ਮੇਰੀ ਠਰ ਗਈ ਦੇਹ ਦੇ
ਦੁਆਲੇ ਉਸਾਰ ਗਈ

-0-

ਤੇਰੇ ਜਿਸਮ ਵਿਚਲੀ ਅੱਗ ਦਾ
ਮੇਰੀ ਹੱਵਸ ਨੂੰ ਅਹਿਸਾਸ ਨਹੀਂ ਸੀ
ਇਸ ਲਈ
ਮੈਂ ਆਪਣੀ ਅੱਗ 'ਚ
ਤੈਨੂੰ ਬਾਲਦਾ ਬਾਲਦਾ
ਆਪ ਹੀ ਠਰ ਗਿਆ
ਤੇਰੀ ਵਾਸ਼ਨਾ ਦੀ ਤਲੀ ਤੇ
ਬੁੱਝਿਆ ਇਕ ਸੂਰਜ ਧਰ ਗਿਆ

-0-

ਸੋਚਂਦਾ ਹਾਂ
ਤੂੰ ਮੇਰੀ ਹਵਸ ਨਿਗਲੀ
ਜਾਂ ਮੈਂ ਤੇਰੀ ਅੱਗ ਪੀਤੀ
ਸੱਚ ਤਾਂ ਇਹ ਹੈ
ਅੱਗ ਸੰਗ ਅੱਗ ਦਾ ਮੇਲ ਸੀ
ਅੱਗ ਦਾ ਕੀ ਬਲਣਾ ਸੀ
ਅੱਗ ਦਾ ਕੀ ਸੜਣਾ ਸੀ
ਅੱਗ ਨੇ ਅੱਗ 'ਚ ਕੀ ਧਰਨਾ ਸੀ
ਇਹ ਅੱਗ ਦਾ ਸਫ਼ਰ ਸੀ
ਇਕ ਦਾ ਰਾਖ਼ ਤੋਂ
ਸੂਰਜੀ ਚਿਹਰਾ ਤੱਕਦਾ ਸੀ

-0-

## ਮੌਤ ਦੀ ਹੋਂਦ

ਮੌਤ ਦੀ ਹੋਂਦ ਬਿਨਾ
ਜ਼ਿੰਦਗੀ ਦਾ ਕੋਈ ਮਤਲਬ ਨਹੀਂ
ਜ਼ਹਿਰ ਨਹੀਂ ਤਾਂ
ਅੰਮ੍ਰਿਤ ਵੀ ਨਹੀਂ
ਸ਼ਮਸ਼ਾਨ ਹੈ ਤਾਂ
ਜ਼ਿੰਦਗੀ ਦਾ ਵਸੇਰਾ ਹੈ
ਹਨ੍ਹੇਰਾ ਹੈ ਤਾਂ ਚਾਨਣ ਹੈ
ਪਤਝੱੜਾਂ ਚੋਂ ਬਹਾਰਾਂ
ਦਮ ਭਰਦੀਆਂ ਹਨ
ਉਜਾੜਾਂ 'ਚ ਹੀ ਰੌਣਕਾਂ ਦੀ ਕੁੱਖ ਹੈ
ਰੌਣਕਾਂ ਦਾ ਡੇਰਾ ਹੈ

–0–

ਕਲੀਆਂ ਦੀ ਮਹਿਕ ਹੈ
ਫੁੱਲਾਂ ਦੇ ਰੰਗ ਹਨ
ਮੌਸਮ ਦੀ ਜਵਾਨੀ ਹੈ
ਬਹਾਰਾਂ ਦਾ ਜੋਬਨ ਹੈ
ਪ੍ਰਕਿਰਤੀ ਦੀ ਖ਼ੁਸ਼ਬੂ ਹੈ
ਰੁੱਤਾਂ ਦਾ ਖੇੜਾ ਹੈ
ਹਰ ਪੱਤੇ ਦੀ ਅੱਖ 'ਚ
ਸ਼ਬਨਮ ਦਾ ਅੱਥਰੂ ਹੈ
ਸੂਰਜ ਦਾ ਉਦੇ ਹੋਣਾ
ਸ਼ਬਨਮ ਦਾ ਹਨ੍ਹੇਰਾ ਹੈ

–0–

## ਕਾਮ ਤੇ ਕਾਮਣੀ

ਕਾਮ ਉਸਦੀਆਂ ਅੱਖਾਂ ਚੋਂ
ਉੱਗਿਆ
ਖ਼ੂਨ 'ਚ ਉਤਰਿਆ
ਤੇ ਵਾਸ਼ਨਾ ਦਾ ਨਾਗ ਬਣ
ਉਸਦੀ ਯੋਨੀ 'ਚ ਪ੍ਰਵੇਸ਼ਿਆ
ਤੇ ਕੁੱਖ 'ਚ ਠਹਰਿਆ

–0–

ਕਾਮ
ਉਸਦਾ ਜਿਸਮ ਕਤਰਾ ਕਤਰਾ
ਕਰਕੇ ਪੀਂਦਾ ਰਿਹਾ
ਉਸਦੇ ਜਿਸਮ ਦੀ ਖ਼ੁਸ਼ਬੂ
ਆਪਣੀ ਵਾਸ਼ਨਾ 'ਚ ਘੋਲਦਾ ਰਿਹਾ
ਕੰਠ 'ਚ ਉਤਾਰਦਾ ਰਿਹਾ
ਉਸਦੇ ਜਿਸਮ ਦੀਆਂ
ਗੋਲਾਈਆਂ ਤੇ ਰੀਂਘਦਾ
ਉਸਦਾ ਸੱਤ ਚੂਸਦਾ ਰਿਹਾ
ਤੇ ਰਸਨਾ ਸੰਗ ਆਪਣਾ
ਤੱਤਾ ਲਹੂ ਠਾਰਦਾ ਰਿਹਾ

–0–

ਕਦੀ ਉਸਦੇ ਲਹੂ 'ਚ ਦੌੜਦਾ
ਨਸ ਨਸ 'ਚ ਠਹਿਰਦਾ
ਸਾਹਾਂ 'ਚ ਘੁਲਦਾ

ਉਸਦੇ ਸ਼ਰਬਤੀ ਰੰਗ 'ਚ
ਨੁਚੜਦਾ
ਮੱਥੇ 'ਚ ਜਗਦਾ
ਅੱਖੀਆਂ 'ਚ ਭਾਬੜ ਬਣਕੇ
ਬਲਦਾ
ਪਿੰਨੀਆਂ ਤੋਂ ਉਭਾਰਾਂ ਤਕ ਚੁੰਮਦਾ
ਸਿਰ ਦੀ ਪ੍ਰਕਰਮਾ ਕਰਦਾ
ਸੀਨੇ 'ਚ ਹਵਾ ਦਾ ਬੁੱਲ੍ਹਾ ਬਣ
ਉਭਰਦਾ
ਬੁਲ੍ਹਾਂ ਚੋਂ ਟੱਪਕਦਾ
ਕਦੀ ਉਸ ਦੀ ਦੰਦਰਾਲ ਦਾ
ਸੁਹੱਪਣ ਬਣ ਵਿਚਰਦਾ
ਉਸਨੂੰ ਆਪਣੇ 'ਚ ਉਤਾਰਦਾ
ਤੇ ਇਨ੍ਹੀ ਦੂਰ ਲੈ ਜਾਂਦਾ
ਜਿੱਥੇ ਉਸ ਸਿਵਾ ਹੋਰ ਕੋਈ
ਨਾ ਹੋਵੇ
ਇਕ ਸਿਰਜਕ ਪਲ ਦੇ ਆਨੰਦ ਲਈ
ਕਾਮ ਆਪਣੀ ਸਰੀਰਕ ਪ੍ਰਣਾਲੀ ਚੋਂ
ਅੰਮ੍ਰਿਤ ਨਿਚੋੜਦਾ
ਤੇ ਅੰਮ੍ਰਿਤੀ ਬੂੰਦਾਂ
ਆਪਣੀ ਹਵਸ ਪੂਰਤੀ ਦੇ
ਜਿਸਮ 'ਚ ਉਤਾਰਦਾ

–0–

ਕਾਮ ਨੇ
ਉਸ ਅੰਦਰ ਵਾਸ਼ਨਾ ਤੋਂ
ਨੂਰ ਹੁਲਾਸ ਤੇ ਆਨੰਦ ਦੀ
ਜੋਤ ਜਗਾ ਦਿੱਤੀ
ਵਾਸ਼ਨਾ ਦਾ ਨਾਗ
ਵਾਸ਼ਨਾ ਦੀ ਫ਼ਿਤਰਤ
ਵਾਸ਼ਨਾ ਦੀ ਨਦੀ ਮੁੱਕਾ ਦਿੱਤੀ
ਉਸਦੇ ਜਿਸਮ ਦੀ ਵਾਸ਼ਨਾ
ਖ਼ੁਸ਼ਬੂ ਬਣਾ ਦਿੱਤੀ

–0–

ਤੇ ਕਾਮਣੀ :–
ਕਾਮਣੀ ਨੇ ਉਸ ਦੀ ਜੋਤ ਦਾ
ਦਾਵਾਨਲ ਬਣਾ ਲਿਆ
ਆਪਣੇ ਆਪ 'ਚ ਹੱਵਸ ਦਾ
ਭਾਬੜ ਜਗਾ ਲਿਆ
ਕਾਮਣੀ
ਹੱਵਸ ਦਾ ਸਾਗਰ ਡੀਕ ਗਈ
ਸੂਰਜਾਂ ਦੇ ਸੇਕ ਪੀ ਗਈ
ਧਰਤੀ ਤੇ ਅਸਮਾਨ ਤੇ
ਅੱਗ ਵਾਂਗ ਫੈਲ ਗਈ
ਲਾਵੇ ਵਾਂਗ ਤੁਰ ਪਈ
ਪੌਣਾਂ 'ਚ ਲਪਟਾਂ ਵਾਂਗ ਘੁਲ ਗਈ
ਉਸਨੇ ਕਾਮ ਦਾ ਸੂਰਜ
ਮੂੰਹ 'ਚ ਪਾ ਲਿਆ
ਤੇ ਵਾਸ਼ਨਾ ਦਾ ਬਲਦਾ
ਵਿਰਾਟ ਰੂਪ ਬਣਾ ਲਿਆ

–0–

ਕਾਮਣੀ
ਆਪਣੀ ਵਾਸ਼ਨਾ ਦੇ ਹੁਲਾਸ 'ਚ
ਜਦ ਆਪਣੀ ਪ੍ਰਕਰਮਾਂ ਕਰਦੀ
ਯੋਨੀ ਦੁਆਰ ਤਕ ਅੱਪੜੀ
ਤਾਂ ਉਸਨੇ
ਕਾਮ ਦੇਵਤਾ ਦੇ ਚਰਨਾਂ 'ਚ ਪਿਆ
ਦੀਵਾ ਉਠਾ ਲਿਆ
ਜਿਸਦੀ ਜੋਤ ਚੋਂ
ਕਾਫ਼ਲਾ ਸੂਰਜਾਂ ਦਾ ਉੱਗਾ ਲਿਆ
ਸੂਰਜਾਂ ਦਾ ਕਾਫ਼ਲਾ
ਤੇ ਕਾਮ ਦੇਵ ਦੇ ਚਰਨਾਂ ਦਾ ਦੀਵਾ
ਕਾਮਣੀ ਨੇ
ਆਪਣੇ ਲਹੂ 'ਚ ਜਗਾ ਲਿਆ
ਤੇ ਦੇਹ 'ਚ ਪ੍ਰਵੇਸ਼ੇ ਕਾਮ ਦੇਵ ਦੇ
ਨਾਗ ਦਾ ਵਜੂਦ ਖਾ ਲਿਆ
ਹੁਣ ਚਿਰਾਗ ਵੀ ਉਸਦੇ ਅੰਦਰ ਸੀ
ਅੱਗ ਵੀ ਉਸਦੇ ਅੰਦਰ ਸੀ
ਸੂਰਜਾਂ ਦੇ ਕਾਫ਼ਲੇ ਤੇ ਨਾਗ ਵੀ
ਉਸਦੇ ਅੰਦਰ ਸੀ

-0-

ਹੁਣ ਉਹ ਜਦ ਵੀ ਚਾਹੁੰਦੀ
ਆਪਣੀ ਹਵਸ ਦੀਵੇ ਦੀ ਲੋਅ
ਸਦਕਾ
ਜਗਾ ਸਕਦੀ ਸੀ ਬੁਝਾ ਸਕਦੀ ਸੀ

ਹੁਣ ਉਹ ਹੱਵਸ ਦੇ ਗਿਆਨ ਤੋਂ
ਵਿਗਿਆਨ ਤਕ ਦਾ ਸਫ਼ਰ
ਮੁੱਕਾ ਚੁੱਕੀ ਸੀ
ਸੂਰਜ 'ਚ ਦੀਵਾ
ਦੀਵੇ 'ਚ ਸੂਰਜ ਧਰ ਚੁੱਕੀ ਸੀ
ਹੁਣ ਉਸਦੇ ਅੰਦਰ ਹੀ
ਹੱਵਸ ਦੀ ਅੱਗ ਸੀ
ਅੱਗ ਦੀ ਗਾਗਰ ਸੀ
ਅੱਗ ਦਾ ਸਾਗਰ ਸੀ
ਉਹ ਆਪਣੇ ਹੀ ਦਾਵਾਨਲ ਦੇ
ਅੱਗ ਦੀ ਧੁੱਪ ਸੀ ਛਾਂ ਸੀ
ਆਪ ਹੀ ਕਾਮ ਕਾਮਣੀ ਤੇ
ਕਾਮ ਦੀ ਮਾਂ ਸੀ
ਕਾਮ ਨੇ ਜਿਸ ਸਿਰਜਕ ਪਲ ਲਈ
ਹੱਵਸ ਨੂੰ ਖ਼ੁਸ਼ਬੂ ਬਣਾਇਆ ਸੀ
ਕਾਮਣੀ ਮਾਂ ਦੀ ਕੁੱਖ ਚੋਂ ਉਹ ਪਲ
ਯੁੱਗ ਬਣਕੇ ਉੱਗ ਆਇਆ ਸੀ

-0-

## ਦੋ ਪ੍ਰਭਾਵ

ਇਕ :-

ਦਿਲ ਦੇ ਸਮੁੰਦਰ 'ਚ
ਅੱਖੀਆਂ ਨੂੰ
ਅੱਥਰੂ ਦੀ ਪੀੜ ਦਾ ਅਹਿਸਾਸ ਨਹੀਂ
ਇਸ ਲਈ ਛੱਡ ਗਿਆ ਹੈ
ਅੱਥਰੂ ਅੱਖ ਦਾ ਆਲ੍ਹਣਾ
ਅੱਥਰੂ ਦੇ ਗ਼ਮ ਨੂੰ
ਅੱਖੀਆਂ ਦਾ ਵਸੇਰਾ ਰਾਸ ਨਹੀਂ

-0-

ਦੋ :-

ਹੈ ਕਬਰ ਜਾਂ ਘਰ ਦਾ ਦੀਵਾ
ਲੋਅ
ਕਬਰ ਦੀ ਚੁੱਪ ਨਹੀਂ
ਘਰ ਦਾ ਸ਼ੋਰ ਨਹੀਂ
ਰੌਸ਼ਨੀ ਦੇ ਸਿਵਾ
ਕੁੱਝ ਹੋਰ ਦੀਵੇ ਕੌਲ ਨਹੀਂ

-0-

## ਮਨੁੱਖ ਤੇ ਥਲ

ਮੈਂ ਆਪਣੇ ਜਲ ਤੇ ਤੁਰਦਾ ਹਾਂ
ਜਲ ਦੇ ਥਲ ਤੋਂ ਡਰਦਾ ਹਾਂ
ਕਿਉਂਕਿ ਮੈਂ
ਜੀਵਨ ਥਲ ਦਾ ਆਦੀ ਨਹੀਂ
ਜਲ ਦਾ ਜੀਵ ਹਾਂ
ਥਲ ਦੀ ਆਬਾਦੀ ਨਹੀਂ

–0–

ਜਲ ਵਿਚਲਾ ਥਲ
ਮਨੁੱਖੀ ਜੀਵਨ ਤੋਂ ਬਾਅਦ
ਮਹਿਸੂਸ ਹੁੰਦਾ ਹੈ
ਆਦਮੀ ਜਦ ਮੌਤ ਦਾ ਥਲ
ਤਰਦਾ ਹੈ
ਜੀਵਨ 'ਚ
ਮੌਤ ਦੇ ਥਲ ਤੋਂ ਅਣਜਾਣ ਹੈ
ਜੀਵਨ ਥਲ ਦੀ
ਕਬਰ 'ਚ ਸੁੱਤੀ ਜ਼ਿੰਦਗੀ ਜਿਸਦੀ
ਪਹਿਚਾਣ ਹੈ

–0–

ਥਲ ਦੀ ਆਪਣੀ ਦੁਨੀਆਂ ਹੈ
ਆਪਣੀ ਪ੍ਰਕਿਰਤੀ ਸਰਿਸ਼ਟੀ ਤੇ
ਦਰਿਸ਼ਟੀ ਹੈ
ਥਲ 'ਚ ਜੀਵਨ ਹੈ
ਥਲ 'ਚ ਆਪਣਾ ਸ਼ਬਦ ਹੈ
ਆਪਣਾ ਅਰਥ ਹੈ

ਥਲ 'ਚ ਜਲ ਦਾ ਸੱਚ ਹੈ
ਥਲ ਹਰਿਆਵਲ ਦਾ ਸਾਗਰ ਨਹੀਂ
ਨਿੱਘ ਸੇਕ ਤੇ ਤਪਸ ਦੀ ਨਗਰੀ ਹੈ
ਜੀਵ ਜੰਤੂਆਂ ਦਾ ਵਸੇਰਾ ਹੈ
ਪਸ਼ੂ ਪਖ਼ਸ਼ੀ ਹਨ
ਜੋ ਥਲ 'ਚ ਰਹਿਣ ਦੇ ਆਦੀ ਹਨ
ਥਲ ਦੀ ਆਬਾਦੀ ਹਨ

–0–

ਮਨੁੱਖ ਉਮਰ ਦਾ ਜਲ
ਜਿਉਂਦਾ ਹੈ
ਹਰਿਆਵਲ ਸੰਕਲਪਦਾ ਹੈ
ਛਾਵਾਂ ਹੰਢਾਉਂਦਾ ਹੈ
ਨਦੀਆਂ ਤੇ ਦਰਿਆਵਾਂ ਨੂੰ
ਤਰਦਾ ਹੈ
ਅਕਾਸ਼ ਤੇ ਉੱਡਦਾ ਹੈ
ਸਮੁੰਦਰ 'ਚ ਠਹਿਰਦਾ ਹੈ
ਜਲ ਦਾ ਸੱਚ ਥਲ
ਮਨੁੱਖ ਭੁੱਲ ਜਾਂਦਾ ਹੈ
ਜੀਵਨ ਦਾ ਸੱਚ ਮੌਤ
ਵਿਸਾਰ ਦਿੰਦਾ ਹੈ
ਮਨੁੱਖ ਆਪਣੇ ਆਪ ਨੂੰ
ਜ਼ਿੰਦਗੀ ਦੀ ਰਫ਼ਤਾਰ ਨਾਲ
ਤੋਰਦਾ ਹੈ
ਜੀਵਨ ਦੌੜ 'ਚ ਗੁੰਮ ਜਾਂਦਾ ਹੈ
ਆਪਣਾ ਸੱਚ ਭੁੱਲ ਜਾਂਦਾ ਹੈ

–0–

ਜਲ

ਨਾ ਜੀਵਨ ਦਾ ਨਾ ਮਨੁੱਖ ਦਾ
ਸੱਚ ਹੈ
ਮਨੁੱਖ ਦਾ ਸੱਚ ਵਰਤਮਾਨ ਨਹੀਂ
ਆਉਣ ਵਾਲਾ ਕੱਲ੍ਹ ਹੈ
ਜਿਸ 'ਚ ਮਨੁੱਖੀ ਜੀਵਨ ਦੀ
ਕਬਰ ਹੈ
ਜਲ ਦਾ ਸੱਚ ਹੈ

-0-

ਥਲ ਵੀ ਮਨੁੱਖੀ ਜਲ ਦੇ
ਵਿਚਕਾਰ ਹੈ
ਜੇ ਮਨੁੱਖ ਜੀਵਨ ਜਿਉਂਦਾ
ਜਲ ਜਿਉਂਦਾ
ਥਲ ਜਿਉਣ ਤੇ
ਜਿਉਂਦਿਆਂ ਮਰਨ ਦਾ
ਅਹਿਸਾਸ ਕਰ ਲਵੇ
ਥਲ ਦਾ ਮਾਹੌਲ
ਜੀਵਨ 'ਚ ਉਤਾਰ ਲਏ
ਤਾਂ ਆਪਣਾ ਆਪ
ਥਲ ਤੇ ਕਬਰ ਅਨੁਸਾਰ
ਢਾਲ ਸਕਦਾ ਹੈ
ਮਾਨਸਿਕ ਤੌਰ ਤੇ ਥਲ
ਸਰੀਰਕ ਤੌਰ ਤੇ ਜਲ ਜਿਉਂਦਾ
ਮਨੁੱਖ
ਜੀਵਨ ਜਲ ਦਾ ਪਿੰਡਾ

ਹੋਰ ਵੀ ਸੁਆਰ ਸਕਦਾ ਹੈ
ਜੀਵਨ 'ਚ ਸੂਰਜ ਬੀਜ ਸਕਦਾ ਹੈ
ਕਿਰਨਾਂ ਉਤਾਰ ਸਕਦਾ ਹੈ

-0-

ਥਲ ਹਰਿਆਉਲੀ ਧਰਤ
ਦਾ ਸੱਚ ਹੈ
ਥਲ ਦੀ ਤਪਸ਼ ਛਾਵਾਂ ਦੀ
ਕੁੱਖ ਹੈ
ਥਲ ਦਾ ਸੇਕ ਹੀ ਠੰਡਕ ਦੀ ਜੜ੍ਹ ਹੈ
ਥਲ ਦਾ ਸੋਕਾ
ਜਲ ਦਾ ਰਸ ਹੈ
ਜਲ ਦਾ ਆਦਿ ਵੀ ਥਲ ਹੈ
ਅੰਤ ਵੀ ਥਲ ਹੈ

-0-

ਮਨੁੱਖ ਉਮਰ ਦੇ ਜਲ ਦਾ
ਵਰਤਮਾਨ ਜਿਉਂਦਾ ਹੈ
ਵਰਤਮਾਨ ਨੂੰ
ਆਪਣਾ ਸੱਚ ਸਮਝਦਾ ਹੈ
ਨਾ ਆਪਣੇ ਆਪ 'ਚ
ਉਤਰਦਾ ਹੈ
ਨਾ ਆਪਣੇ ਆਪ ਨਾਲ
ਬਹਿੰਦਾ ਹੈ
ਆਪਣਾ ਸੱਚ ਜਾਣਦਾ ਵੀ
ਨਾ ਆਪਣੀ ਜੜ੍ਹ 'ਚ ਵਿਚਰਦਾ ਹੈ
ਨਾ ਆਪਣਾ
ਅੰਤ ਹੀ ਸਵੀਕਾਰਦਾ ਹੈ

-0-

ਪਤਾ ਹੈ
ਜੋ ਜਨਮਦਾ ਹੈ ਬਿਨਸਦਾ ਹੈ
ਬਿਨਸਨਾ ਹੀ ਜੀਵਨ ਦਾ ਸੱਚ ਹੈ
ਸੁਤੰਤਰਤਾ ਹੈ
ਜਿਸਦਾ ਅਹਿਸਾਸ
ਮਨੁੱਖ ਜਿਉਂਦੇ ਜੀਅ ਕਰ ਸਕਦਾ ਹੈ
ਮਰਜੀਵੜਾ ਹੋ ਕੇ
ਬਿਨਸਨ ਦਾ ਅਹਿਸਾਸ
ਹੰਢਾ ਸਕਦਾ ਹੈ
ਆਪਣੀ ਮਾਨਸਿਕਤਾ 'ਚ ਜੀਅ
ਸਕਦਾ ਹੈ
ਆਪਣੀ ਦੇਹ 'ਚ ਉਤਾਰ ਸਕਦਾ ਹੈ

-0-

ਜੀਵਨ
ਬੰਦਸ਼ ਹੈ ਆਜ਼ਾਦੀ ਨਹੀਂ
ਮਨੁੱਖ ਬੰਦਸ਼ ਨੂੰ ਹੀ
ਆਜ਼ਾਦੀ ਸਮਝ ਬੈਠਾ ਹੈ
ਦੇਹ ਦੇ ਸੱਚ ਤੋਂ ਅਣਜਾਣ ਹੈ
ਪਛਾਵਿਆਂ ਦਾ ਭਰਮ
ਜੀਅ ਰਿਹਾ ਹੈ
ਉਮਰ ਨਾਲੋਂ ਮਨੁੱਖ ਦੀ
ਜਿਉਣ ਦੀ ਆਸ ਲੰਮੇਰੀ ਹੈ
ਉਮਰ ਬੇਸ਼ੱਕ ਸੁਆਸ ਦੋ ਸੁਆਸ ਹੈ
ਯੁੱਗਾਂ ਜਿੱਡੀ ਲੰਮੇਰੀ
ਮਨੁੱਖ ਦੀ ਉਮਰ ਦੀ ਆਸ ਹੈ

ਲਮੇਰਾਪਣ
ਉਮਰ ਦਾ ਸੰਕਲਪ ਹੈ
ਉਮਰ ਤਾਂ
ਮੌਤ ਦੇ ਪਲ ਦਾ ਅਹਿਸਾਸ ਹੈ
ਉਮਰ ਦਾ ਕੀ ਜੋ ਕੱਲ੍ਹ ਨਹੀਂ
ਅੱਜ ਪਾਸ ਹੈ

-0-

ਜਲ ਦਾ ਸੱਚ ਜਾਣਨ ਲਈ
ਮਨੁੱਖ ਨੂੰ ਜਲ ਵਿਚਲਾ ਥਲ
ਜਿਉਣਾ ਪਏਗਾ
ਮਰਜੀਵੜਾ ਹੋਣਾ ਪਏਗਾ
ਜਲ ਜਿਉਂਦੇ ਵੀ
ਪਲ ਪਲ ਮਰਨਾ ਪਏਗਾ
ਜੀਵਨ ਦੇ ਹਰ ਪਲ 'ਚ
ਮੌਤ ਨੂੰ ਯਾਦ ਕਰਨਾ ਪਏਗਾ
ਤਾਂ ਹੀ ਜਲ ਜਿਉਂਦਾ
ਜਲ ਦਾ ਸੱਚ ਹੰਢਾ ਸਕਦਾ ਹੈ
ਆਦਮੀ
ਆਪਣੇ ਸੱਚ ਨੂੰ ਪਾ
ਸਕਦਾ ਹੈ ਆਦਮੀ

-0-

## ਜ਼ਿੰਦਗੀ ਤੇ ਸਲੀਬ

ਜ਼ਿੰਦਗੀ ਲੈ ਤੁਰੀ
ਮੇਰਿਆਂ ਕਦਮਾਂ ਨੂੰ
ਆਪਣਿਆਂ ਰਾਹਾਂ ਤੇ
ਮੇਰੇ ਵਸੇਬੇ ਲਈ
ਮੰਜ਼ਿਲਾਂ ਅਜ਼ੀਬ ਸਨ
ਰਾਹਾਂ ਅਜ਼ੀਬ ਸਨ
ਜ਼ਿੰਦਗੀ ਦੀਆਂ ਛਾਵਾਂ
ਮੇਰੇ ਲਈ ਸਲੀਬ ਸਨ

–0–

ਮੈਂ ਰੂਹ ਤੋਂ
ਜਿਸਮ ਦੇ ਬਸਤਰ ਉਤਾਰ ਗਿਆ
ਸਮੇਂ ਦੇ ਪਿੰਜਰੇ ਚੋਂ
ਉੱਡਾਰੀ ਮਾਰ ਗਿਆ
ਬੀਤੇ ਸਮੇਂ ਦੇ ਅੰਗਾਂ ਤੇ
ਨਕਸ਼ਾਂ ਦਾ ਚੋਗਾ
ਜ਼ਿੰਦਗੀ ਦੇ ਵਿਹੜੇ ਖਿਲਾਰ ਗਿਆ

–0–

ਜ਼ਿੰਦਗੀ ਨੇ
ਮੌਤ ਨੂੰ ਆਪਣੇ ਅੰਦਰ ਉਤਾਰਿਆ
ਤਾਰਿਆਂ ਵਾਂਗੂੰ ਆਪਣਾ ਆਪਾ
ਅੰਬਰ ਤੇ ਖਿਲਾਰਿਆ
ਸਾਗਰ ਦਾ ਪਿੰਡਾ ਸਹਿਰਾ 'ਚ ਉਤਾਰਿਆ
ਮੌਤ ਉਤਾਰਕੇ ਆਪਣੇ ਅੰਦਰ
ਜ਼ਿੰਦਗੀ ਮੌਤ ਦਾ ਚਿਹਰਾ ਸੁਆਰ ਗਈ
ਬੀਤੇ ਸਮੇਂ ਦੇ ਪਿੰਡੇ 'ਚ
ਸੂਰਜਾਂ ਦੇ ਕਾਫ਼ਲੇ ਉਤਾਰ ਗਈ

–0–

## ਪਿੱਠ

ਭੂਤ ਨੂੰ
ਵਰਤਮਾਨ 'ਚ ਬੀਜਣ
ਤੇ ਭਵਿੱਖ 'ਚ ਉੱਗਾਉਣ ਦਾ
ਯਤਨ ਬੜਾ ਕੀਤਾ
ਭੂਤ ਦਾ ਵਜ਼ੂਦ ਤਿੜਕਿਆ
ਸੱਚ ਪਿਘਲਿਆ
ਤੇ ਨਿਰੰਤਰ ਹੋ ਗਿਆ
ਵਰਤਮਾਨ ਤੇ ਭਵਿੱਖ ਦੀ ਦੇਹ ਚੋਂ
ਗੁਜ਼ਰ ਗਿਆ

-0-

ਬੜਾ ਚਾਹਿਆ ਸੀ
ਸੂਰਜ ਬਣਕੇ ਚੜ੍ਹਾਂ
ਆਉਣ ਵਾਲੇ ਸਮੇਂ ਦੇ
ਪੈਰਾਂ 'ਚ ਜਗਾਂ
ਪਰ ਉੱਗਣ ਤੋਂ ਪਹਿਲਾਂ
ਮੇਰਾ ਬੀਜ ਗਲ ਗਿਆ
ਇਹ ਕੌਣ ਮੇਰੇ ਜਿਸਮ 'ਚ
ਬਰਫ਼ ਦਾ ਪਹਾੜ ਧਰ ਗਿਆ
ਇਹ ਕਣ
ਮੇਰੇ ਭਵਿੱਖ ਦਾ ਨਿੱਘ ਕਤਲ ਕਰ
ਗਿਆ
ਇਹ ਕੌਣ ਮੇਰੇ ਫੱਲਾਂ ਚੋਂ
ਜੜ੍ਹ ਬਣਕੇ ਉੱਗ ਪਿਆ
ਇਹ ਕੌਣ ਮੇਰੇ ਸਿਰ 'ਚ ਹੈ
ਪੈਰ ਧਰ ਗਿਆ

-0-

ਇਹ ਭੂਤ ਸੀ
ਜੋ ਭਵਿੱਖ ਨੂੰ ਆਪਣੇ ਚੋਂ
ਉੱਗਾਉਣ ਦੀ ਥਾਂ
ਭਵਿੱਖ ਚੋਂ ਹੀ ਉੱਗ ਪਿਆ
ਮੇਰੀਆਂ ਨਜ਼ਰਾਂ ਦੇ
ਦਿਸਹੱਦਿਆਂ ਤੋਂ ਬੋਲ ਪਿਆ
ਮੈਂ ਤੇਰੇ ਪਿੱਛੇ ਵੀ ਹਾਂ ਅੱਗੇ ਵੀ ਹਾਂ
ਮੈਂ ਤੇਰੇ ਵਿਚਕਾਰ ਹਾਂ
ਸੱਜੇ ਵੀ ਹਾਂ ਖੱਬੇ ਵੀ ਹਾਂ

-0-

ਬੜਾ ਚਾਹਿਆ
ਕਿ ਆਪਣੀ ਪਿੱਠ ਤੇ ਵਗਦੀ
ਨਦੀ ਨੂੰ
ਆਪਣੇ ਚਿਹਰੇ 'ਚ ਢਾਲਾਂ
ਆਪਣੇ ਮਸਤਕ 'ਚ
ਉਤਾਰਲਾਂ
ਵਰਤਮਾਨ ਦਾ ਤਪਦਾ ਪਿੰਡਾ
ਨਦੀ ਦੇ ਜਲ 'ਚ ਠਾਰਲਾਂ
ਆਉਣ ਵਾਲਾ ਸਮਾਂ
ਨਦੀ ਦੀ ਦੇਹ 'ਚ ਬੀਜਲਾਂ
ਨਦੀ ਦੀ ਕੁੱਖ ਚੋਂ ਭਵਿੱਖ ਦਾ
ਇਕ ਬੁੱਤ ਉਸਾਰਲਾਂ.
ਪਰ ਹਰ ਵਾਰ ਹੀ ਉਹ ਨਦੀ
ਮੇਰੇ ਅੰਗਾਂ ਤੇ ਨਕਸ਼ਾਂ ਨੂੰ
ਆਪਣੇ 'ਚ ਉਤਾਰਦੀ

ਤੇ ਮੇਰੀ ਪਿੱਠ ਚੋਂ
ਮੇਰਾ ਚਿਹਰਾ ਉਸਾਰਦੀ
ਕਿ ਮੈਂ ਆਪਣੇ ਚਿਹਰੇ ਚੋਂ ਵੀ
ਪਿੱਠ ਹੀ ਨਜ਼ਰ ਆਵਾਂ
ਕਦੀ ਨਾ
ਆਪਣੀ ਪਿੱਠ ਚੋਂ ਨਿਕਲਾਂ
ਮੈਂ ਆਪਣੇ ਆਦਿ ਚੋਂ ਜਨਮਿਆ
ਆਦਿ 'ਚ ਹੀ ਮਰ ਜਾਵਾਂ

-0-

ਬੜੀ ਵਾਰੀ
ਭੂਤ ਦੀ ਧਰਤੀ ਚੋਂ ਸ਼ਬਦ ਚੁੱਕੇ
ਵਰਤਮਾਨ 'ਚ ਬੀਜੇ
ਅਰਥ ਆਦਿ ਚੋਂ ਚੁੱਕੇ
ਆਉਣ ਵਾਲੇ ਸਮੇਂ ਦੇ
ਮਸਤਕ 'ਚ ਧਰ ਦਿੱਤੇ
ਸ਼ਬਦ ਜਦ ਵੀ ਉੱਗੇ
ਭਵਿੱਖ 'ਚ ਭੂਤ ਦੀ ਧਰਤੀ
ਉੱਗਾ ਗਏ
ਅਰਥ ਜਦ ਵੀ ਫੁੱਟੇ
ਆਦਿ ਦੀ ਪਹਿਚਾਣ
ਆਉਂਦੇ ਸਮੇਂ 'ਚ ਧਰ ਗਏ
ਭਵਿੱਖ ਦਾ ਭਵਿੱਖ
ਨਿਗਲ ਗਏ
ਭੂਤ ਦਾ ਚਿਹਰਾ
ਭਵਿੱਖ ਦੀ ਗਰਦਨ ਤੇ
ਧਰ ਗਏ

-0-

ਮੈਂ ਕਦੀ ਵੀ
ਭੂਤ ਤੋਂ ਆਪਣਾ ਪਿੱਛਾ
ਛੁਡਾਇਆ ਨਹੀਂ
ਸਮਾਂ ਹੋ ਕੇ ਵੀ
ਭਵਿੱਖ 'ਚ ਵਿਚਰਕੇ ਵੀ
ਭੂਤ ਨੂੰ ਭੁਲਾਇਆ ਨਹੀਂ

-0-

ਮੇਰੀ ਪਿੱਠ ਚੋਂ ਉੱਗਿਆ
ਮੇਰਾ ਵਜ਼ੂਦ
ਅੱਖ੍ਹਾਂ ਕੰਨ ਨੱਕ ਜੀਭ
ਭੂਤ ਨੂੰ ਵੇਖਣ ਸੁਣਨ ਸੁੰਘਣ
ਤੇ ਬੋਲਣ
ਜਿਸਮ ਵਰਤਮਾਨ ਭਵਿੱਖ
ਭੂਤ ਲਈ ਦਰ ਖੋਲ੍ਹੇ
ਵਰਤਮਾਨ ਭਵਿੱਖ ਨੂੰ
ਸੰਬੋਧਨ
ਜੀਭਾ ਪਈ ਬੋਲੇ
ਵਰਤਮਾਨ ਤੇ ਭਵਿੱਖ ਦਾ
ਸੱਚ ਵੀ ਭੂਤ ਹੈ
ਵਜ਼ੂਦ ਵੀ ਭੂਤ ਹੈ
ਆਦਿ ਅੰਤ ਤੇ ਰੂਹ ਵੀ ਭੂਤ ਹੈ

-0-

## ਮੋੜ ਦਾ ਰੁੱਖ

ਆਉਂਦੇ ਜਾਂਦੇ
ਪੁੱਛਦਾ ਸੀ ਹਾਲ ਜੋ ਮੇਰਾ
ਮੇਰੀ ਗਲੀ ਦੇ ਮੋੜ ਤੇ
ਇਕੱਲਾ ਰੁੱਖ ਸੀ ਉਹ ਕੋਈ

–0–

ਫੈਲੀ ਅੱਗ ਜਦੋਂ
ਜੰਗਲ ਦੀ ਸ਼ਹਿਰ 'ਚ
ਮੌਸਮ ਬਹਾਰਾਂ ਦਾ
ਬੱਦਲਾਂ ਦੀ ਰੁੱਤ ਸੀ ਕੋਈ

–0–

ਉੱਗੀਆਂ ਸਨ ਕਬਰਾਂ
ਸ਼ਹਿਰ ਦੀ ਛੱਤ ਤੇ
ਬੰਦਾ ਬੰਦੇ ਦਾ ਵੈਰੀ
ਮਿੱਤਰ ਪੱਥਰ ਦਾ
ਪੱਥਰ ਸੀ ਕੋਈ

–0–

ਚੀਕਦੀਆਂ ਤੇ
ਕੁਰਲਾਉਂਦੀਆਂ ਰਹੀਆਂ
ਘੰਟੀਆਂ ਮੰਦਰ ਦੀਆਂ
ਚੁੱਪ ਚਪੀਤੇ ਵੇਖਦਾ ਰੱਬ ਸੀ
ਕਿ ਪੱਥਰ ਦਾ ਬੁੱਤ ਸੀ ਕੋਈ

–0–

## ਮੈਂ ਕਤਰਾ ਹਾਂ

ਮੈਂ ਅਕਾਸ਼ ਸੂਰਜ ਚੰਨ ਤਾਰੇ
ਸਗਲਾ ਗਗਨ ਦਾ ਥਾਲ
ਸਿਰਜਿਆ ਹੈ
ਧਰਤੀ ਸਮੁੰਦਰ ਜੰਗਲ ਪਹਾੜ
ਮੌਸਮ ਬਹਾਰਾਂ ਰੁੱਤਾਂ ਖ਼ੁਸ਼ਬੂਆਂ
ਦਾ ਗੁਲਜ਼ਾਰ ਸਿਰਜਿਆ ਹੈ

-0-

ਹਵਾ ਅੱਗ
ਪ੍ਰਕਿਰਤੀ ਅਨੇਕਾਂ ਜੀਵ ਜੰਤੂ
ਰੰਗ ਬਰੰਗੇ ਪਸ਼ੂ ਪਕਸ਼ੀ
ਨਿਰਤ ਸਾਕਾ ਤਾਲ ਰਾਗ
ਸੰਗੀਤ ਵੱਖ ਵੱਖ ਸਰਗ਼ਮਾਂ
ਬੋਲੀਆਂ ਸਿਰਜੀਆਂ ਹਨ

-0-

ਮਨੁੱਖ
ਸੱਚ ਸੁੰਦਰਤਾ ਕਲਿਆਣ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਪਿਆਰ ਨਫ਼ਰਤ ਮੰਜ਼ਿਲਾਂ
ਦਿਸ਼ਾਵਾਂ
ਦਿੱਸ ਅਦਿੱਸ ਜੋ ਵੀ ਬ੍ਰਹਿਮੰਡ ਹੈ
ਮੈਂ ਸਭ ਦਾ ਸਿਰਜਣਹਾਰ ਹਾਂ

-0-

ਮੈਂ ਆਪਣੀ ਪ੍ਰਕਿਰਤੀ ਦਾ
ਇਹ ਭੇਦ ਖੋਲ੍ਹਦਾ ਹਾਂ
ਜਿਸ 'ਚ ਮੇਰਾ ਵਸੇਰਾ ਹੈ
ਜਿਸ ਚੋਂ ਮੈਂ ਬੋਲਦਾ ਹਾਂ

ਜਿਸ ਨੂੰ ਮੈਂ ਸਿਰਜਦਾ ਹਾਂ
ਸਿਮਰਦਾ ਹਾਂ ਧਿਆਉਂਦਾ ਹਾਂ

-0-

ਜਿਸ ਤਰ੍ਹਾਂ ਮੇਰੇ ਆਕਾਰ 'ਚ
ਸਭ ਬ੍ਰਹਿਮੰਡਾਂ ਧਰਤੀਆਂ ਪਤਾਲਾਂ
ਅਕਾਸ਼ਾਂ ਦਾ ਵਜ਼ੂਦ ਹੈ
ਇਸ ਤਰ੍ਹਾਂ ਕੁਲ ਬ੍ਰਹਿਮੰਡ ਦੀ
ਦਿੱਸ ਅਦਿੱਸ ਸਮੱਗਰੀ 'ਚ
ਮੇਰੀ ਇਸ ਸਿਰਜਣਾ ਦਾ
ਵਜ਼ੂਦ ਹੈ
ਜਿਸਦਾ ਨਾਂ ਨਾਰੀ ਹੈ
ਜਿਸਦਾ ਰੂਪ ਕਰਤਾਰੀ ਹੈ
ਜਿਸ 'ਚ ਵਸਦਾ ਹਾਂ ਮੈਂ
ਵਸਦੀ ਮੇਰੀ ਪ੍ਰਕਿਰਤੀ ਸਾਰੀ ਹੈ

-0-

ਨਾਰੀ ਦੀ ਪ੍ਰਕਿਰਤੀ
ਉਤਪੱਤੀ ਹੈ
ਸਿਰਜਣਾ ਹੈ ਵਿਸਥਾਰ ਹੈ
ਜਿਸਦਾ ਆਕਾਰ ਆਕਾਰ ਰਹਿਤ ਹੈ
ਜਿਸਦੀ ਵਿਸ਼ਾਲਤਾ
ਅਨੰਦਤਾ ਦੀ ਕੋਈ ਹੱਦ ਨਹੀਂ
ਮੇਰੀ ਸਾਰੀ ਦੀ ਸਾਰੀ ਸਿਰਜਣਾ
ਜੋ ਅੰਤ ਰਹਿਤ ਹੈ
ਨਾਰੀ ਦੇ ਵਜ਼ੂਦ 'ਚ ਮੌਜ਼ੂਦ ਹੈ
ਮੇਰਾ ਤੇ ਮੇਰੀ ਪ੍ਰਕਿਰਤੀ ਦਾ
ਧਰਤ ਤੇ ਨਾਰੀ ਵਜ਼ੂਦ ਹੈ

-0-

ਨਾਰੀ ਮੇਰਾ ਸੰਕਲਪ ਨਹੀਂ
ਮੇਰਾ ਯਥਾਰਥ ਹੈ
ਮੇਰਾ ਰਹਿਣ ਸਹਿਣ ਹੈ
ਮੇਰੀ ਪੂਜਾ ਹੈ ਮੇਰਾ ਸਿਮਰਨ ਹੈ
ਮੇਰੀ ਇਬਾਦਤ ਹੈ
ਨਾਰੀ ਹਵਨ ਯੱਗ ਸ਼ਬਦ
ਮੰਦਰ ਮੇਰਾ ਇਸ਼ਟ ਹੈ
ਮੇਰੀ ਹੋਂਦ ਮੇਰਾ ਸੱਚ
ਮੇਰੀ ਸਿਰਜਣਾ ਦਾ ਸਾਖਸ਼ਾਤ
ਰੂਪ ਹੈ
ਧਰਤ ਤੇ ਤੁਰਦੀ ਫਿਰਦੀ
ਜਿਉਂਦੀ ਜਾਗਦੀ ਨਾਰੀ ਦਾ
ਵਜ਼ੂਦ ਹੈ
ਇਹ ਮੇਰੀ ਹੋਂਦ ਦਾ ਅੰਕੁਰ ਹੈ
ਮੇਰੇ ਗਿਆਨ ਦਾ ਸੱਚ ਹੈ.
ਮੇਰੇ ਭੇਦ ਦਾ ਪ੍ਰਗਟਾ ਹੈ
ਮੇਰੀ ਸਰਬ ਵਿਆਪਕਤਾ ਹੈ
ਅਨੰਦਾਤਾ ਹੈ ਪਾਰਬ੍ਰਹਮਤਾ ਹੈ

-0-

ਜੋ ਮੇਰਾ ਦੀਦਾਰ ਚਾਹੁੰਦੇ ਹਨ
ਉਹ ਨਾਰੀ ਦੇ ਦੁਆਰ ਦਾ
ਦਰ ਖੋਲ੍ਹਣ
ਅੰਦਰ ਉਤਰਨ
ਮੈਂ ਨਾਰੀ ਦੀ ਹੋਂਦ 'ਚ
ਸਭ ਨੂੰ ਨਜ਼ਰ ਆਉਂਦਾ ਹਾਂ
ਨਾਰੀ ਦੀ ਹੋਂਦ ਸਦਕਾ ਹੀ
ਜਗਤ ਦਾ ਸੱਚ ਕਹਾਉਂਦਾ ਹਾਂ

-0-

ਮੈਂ ਕਿਸੇ ਲਈ ਕਿਤੇ ਵੀ ਨਹੀਂ
ਨਾ ਆਸਮਾਨ 'ਚ ਨਾ ਜੰਗਲਾਂ
ਪਹਾੜਾਂ 'ਚ ਨਾ ਪਤਾਲਾਂ 'ਚ
ਮੈਂ ਕਿਸੇ ਲਈ
ਹਰ ਥਾਂ ਤੇ ਹਾਂ
ਪਰ ਸਦਾ ਹੀ ਨਾਰੀ ਸਿਰਜਣ ਸ਼ਕਤੀ 'ਚ ਹਾਂ
ਨਾਰੀ ਦੀ ਪੂਜਾ ਨਾਰੀ ਦੀ ਭਗਤੀ 'ਚ ਹਾਂ

-0-

ਮੈਂ ਜੋ ਜਗਤ ਦਾ ਪਿਤਾ ਹਾਂ
ਤਾਂ ਮੇਰੀ ਸਿਰਜਣਾ ਨਾਰੀ
ਜਗਤ ਜਣਨੀ ਹੈ ਜਗਤ ਮਾਤਾ ਹੈ
ਮੇਰੀ ਵਿਦਾਤਾ ਹੈ
ਮੇਰਾ ਅੰਸ਼ ਹੈ ਮੇਰਾ ਅੰਕੁਰ ਹੈ
ਮੇਰਾ ਆਕਾਰ ਹੈ
ਤੁਸੀਂ ਜੋ ਨਾਰੀ ਨੂੰ ਪੜ੍ਹੋਗੇ
ਮੇਰੀ ਸਿਰਜਣਾ ਦਾ ਸੱਚ ਤਰੋਗੇ
ਨਾਰੀ ਮੇਰੀ ਰੂਹ ਹੈ
ਮੈਂ ਜਿਸਮ ਹਾਂ ਇਸਦਾ
ਇਹ ਮੇਰਾ ਨੂਰ ਹੈ

-0-

ਮੇਰੀ ਕੁਲ ਸਿਰਜਣਾ ਦਾ ਵਜੂਦ
ਨਾਰੀ ਚੋਂ ਸਾਹ ਲੈਂਦਾ ਹੈ
ਨਾਰੀ ਚੋਂ ਵੇਖਦਾ ਬੋਲਦਾ ਹੈ
ਨਾਰੀ ਚੋਂ ਜਿਉਂਦਾ ਜਾਗਦਾ ਹੈ
ਸਿਮਟਦਾ ਹੈ

ਨਾਰੀ ਸੱਚ ਸੁੰਦਰਤਾ ਕਲਿਆਣ
ਤੇ ਪੁੰਜ ਨਿਮਰਤਾ ਦਾ ਹੈ
ਨਾਰੀ ਉਹ ਸੂਰਜ ਹੈ
ਜਿਸ ਦੀਆਂ ਕਿਰਨਾਂ
ਬ੍ਰਹਿਮੰਡ ਸੁੰਦਰਤਾ ਕਰੂਪਤਾ
ਸੁਗੰਧ ਤੇ ਗੰਧ ਤੇ ਬਰਾਬਰ
ਪੈਂਦੀਆਂ ਹਨ
ਪਰ ਮੈਲੀਆਂ ਨਹੀਂ ਹੁੰਦੀਆਂ
ਸੁੱਚੀਆਂ ਸ਼ੁੱਧ ਪਵਿੱਤਰ ਤੇ
ਨਿਰਮਲ ਰਹਿੰਦੀਆਂ ਹਨ

–0–

ਜੇ ਮੇਰੀ ਕੁਲ ਬ੍ਰਹਿਮੰਡਕ
ਸਿਰਜਣਾ 'ਚ
ਕਿਸੇ ਤੇ ਫ਼ਖ਼ਰ ਹੈ ਮੈਨੂੰ
ਤਾਂ ਉਹ ਨਾਰੀ ਦਾ ਵਜੂਦ ਹੈ
ਜੋ ਮੇਰੇ ਜਿਸਮ 'ਚ
ਜੀਵਨ ਤੇ ਪ੍ਰਾਣਾਂ ਵਾਂਗ ਮੌਜੂਦ ਹੈ

–0–

## ਇਕ ਕਲੀ

ਇਕ ਕਲੀ
ਮੇਰੇ ਗੁਲਸ਼ਨ 'ਚ ਖਿਲੀ ਹੈ
ਮੌਸਮ ਨੂੰ ਮੁੱਦਤ ਪਿਛੋਂ
ਜਿਵੇਂ ਬਹਾਰ ਮਿਲੀ ਹੈ

-0-

ਗੁਲਜ਼ਾਰ 'ਚ ਚਰਚਾ ਹੈ
ਬਹਾਰਾਂ ਦੀ ਜਵਾਨੀ ਦੀ
ਕੋਈ ਸ਼ਬਨਮ
ਸਾਗਰ 'ਚ ਘੁਲੀ ਹੈ
ਯਾਰ ਦਾ ਘਰ ਵੀ ਨਹੀਂ
ਗਲੀ ਵੀ ਨਹੀਂ
ਇਕ ਮਾਸ਼ੂਕ ਕੋਈ ਚੌਰਾਹੇ
'ਚ ਖੜ੍ਹੀ ਹੈ

-0-

ਸੌਂ ਗਈ ਸੱਸੀ ਪੁਨੂੰ ਦੇ
ਖ਼ਿਆਲਾਂ 'ਚ
ਖ਼ਿਆਲਾਂ ਚੋਂ ਨਹੀਂ ਨਿਕਲੀ
ਥਲਾਂ 'ਚ ਸੜੀ ਹੈ
ਤਪ ਗਿਆ ਸੂਰਜ ਹਵਾ
ਸਹਿਰਾ ਤੇ ਗਗਨ ਵੀ
ਠਰਦੀ ਅੱਗ ਇਸ਼ਕ ਦੀ
ਚਿਰਾਂ ਤੋਂ ਅੱਜ ਬਲੀ ਹੈ

-0-

## ਦੋ ਨੈਣ

ਉਹ ਜੋਗੀ
ਜੰਗਲ ਚੋਂ ਸ਼ਹਿਰ 'ਚ
ਭਿੱਖ਼ਸ਼ਾ ਮੰਗਣ ਆਇਆ
ਭਿੱਖ਼ਸ਼ਾ ਮੰਗਦਾ ਮੰਗਦਾ
ਜੋਗੀ
ਭੀੜਾਂ ਭਰੇ ਬਾਜ਼ਾਰੀਂ ਉੱਤਰ ਆਇਆ

–0–

ਉਸ ਨੂੰ
ਸੁੰਦਰ ਸਰੀਰਾਂ ਦੀ ਮਹਿਕ ਆਈ
ਜੋ ਜੋਗੀ
ਦੇ ਸਾਹਾਂ 'ਚ ਸਮਾਈ
ਸੂਰਜੀ ਨਜ਼ਰਾਂ ਦੀਆਂ ਕਿਰਨਾਂ
ਉਸਦੇ ਪਿੰਡੇ ਚੋਂ ਗੁਜ਼ਰੀਆਂ
ਮਾਨ ਸਰੋਵਰ ਦੇ ਕਿਨਾਰੇ
ਜਿਵੇਂ ਡਾਰਾਂ ਪਰੀਆਂ ਦੀਆਂ ਉਤਰੀਆਂ
ਮੋਮੀ ਬੁੱਤਾਂ ਦੇ ਅੰਗ ਤੇ ਨਕਸ਼
ਜੋਗੀ ਦੇ ਮੱਥੇ 'ਚ ਠਣਕੇ
ਸੁੰਨ ਹੋਇਆ ਜੋਗੀ
ਤੇ ਸਵਾਸ ਗਏ ਅੱਟਕੇ

–0–

ਭੀੜਾਂ 'ਚ ਕੂਕਦੀਆਂ ਕੋਇਲਾਂ ਦੀ ਸੁਰ
ਉਸਦੇ ਕੰਨਾਂ ਦੀ ਰਸਨਾ ਬਣੀ
ਜੋਗੀ ਨੂੰ ਕਾਂਬਾ ਛਿੜਿਆ ਤੇ ਰੂਹ ਠਰੀ

ਗਿੱਠ ਗਿੱਠ ਲੰਬੀਆਂ ਧੌਣਾਂ ਚੋਂ
ਜੋਗੀ ਨੂੰ
ਪਾਣੀ ਦੀ ਗਤੀ ਨਜ਼ਰ ਆਈ
ਜੋਗੀ ਨੂੰ ਮਨ 'ਚ ਜਗਦੀ
ਪ੍ਰੇਮ ਜੋਤੀ ਦੀ ਰੌਸ਼ਨੀ ਨਜ਼ਰ ਆਈ

-0-

ਉਹ ਕਈ ਵਾਰ ਤਿਲਕਣਾ ਚਾਹੁੰਦਾ
ਪਰ ਉਸਦੀ ਪਿੱਠ ਪਿੱਛੇ ਉੱਗੇ
ਸੰਨਿਆਸੀ ਜੰਗਲ ਦੀਆਂ ਅੱਖ੍ਹਾਂ
ਉਸਨੂੰ ਸੰਭਾਲਿਆ
ਹਨ੍ਹੇਰਿਆਂ 'ਚ ਤੁਰਦੇ ਜੋਗੀ
ਚਿਰਾਗ ਮਸਤਕ ਦਾ ਬਾਲਿਆ
ਮੋਹ ਮਾਇਆ ਦੀ ਨਗਰੀ ਚੋਂ
ਗੁਜ਼ਰਦਿਆਂ
ਉਸਦੇ ਅੰਦਰ ਨਿਰਲੇਪ ਕੰਵਲ
ਬਣਕੇ ਰਹਿਣ ਦਾ
ਅਨੁਭਵ ਜਾਗਿਆ
ਜੋਗੀ ਕਦੀ ਕੰਵਲ ਸੰਕਲਪਦਾ
ਕਈ ਸੁੰਦਰ ਝੀਲਾਂ ਦੇ ਪਾਣੀਆਂ 'ਚ
ਤਰਦਾ
ਆਪਣੇ ਸੰਨਿਆਸ ਦੇ ਸਹਾਰੇ
ਮੋਹ ਦੇ ਦਰਿਆ ਚੋਂ ਗੁਜ਼ਰਦਾ

-0-

ਜੋਗੀ ਜਦ ਬਾਜ਼ਾਰ ਦੇ
ਅੱਧ 'ਚ ਗਿਆ
ਘੁੰਗਰੂਆਂ ਦੇ ਅਲਾਹੀ ਸੁਰਾਂ ਦਾ
ਅਲਾਪ

ਉਸਦੇ ਕੰਨੀ ਪਿਆ
ਉਸਨੇ ਨਜ਼ਰਾਂ ਉਠਾ ਕੇ ਵੇਖਿਆ
ਜਿਧਰੋਂ ਸੁਰ ਦੀ ਮਹਿਕ
ਤੇ ਆਵਾਜ਼ ਆਉਂਦੀ ਸੀ
ਉਸ ਨੂੰ ਲੱਗਾ
ਜਿਵੇਂ ਕੋਈ ਸੱਜਰੀ ਸਵੇਰ
ਕਿਰਨਾਂ 'ਚ ਨਹਾਉਂਦੀ ਸੀ
ਸ਼ਬਦ ਦਾ ਵਾਕ ਲੈਂਦੀ ਸੀ
ਆਰਤੀ ਸੂਰਜਾਂ ਦੀ ਗਾਉਂਦੀ ਸੀ

-0-

ਜੋਗੀ ਨੂੰ
ਬੜੀ ਹੀ ਦਿਲਕਸ਼ ਕਿਸਮ
ਦੀ ਮਹਿਕ ਆਈ
ਜਿਵੇਂ ਚੰਦਨ ਦੀ ਦੇਹ ਕਿਸੇ
ਨਾਗਨ ਧੁਖਾਈ
ਆਉਂਦੀ ਮਹਿਕ ਵੱਲ
ਜੋਗੀ ਨੇ ਨਜ਼ਰ ਘੁੰਮਾਈ
ਚੌਬਾਰੇ ਦੀ ਖੁੱਲ੍ਹੀ ਬਾਰੀ ਚੋਂ
ਉਸਨੂੰ ਚੰਨ ਦਾ ਟੁੱਕੜਾ ਨਜ਼ਰ
ਆਇਆ
ਜਿਥੇ ਬਲੌਰੀ ਨੈਣਾਂ ਨੇ
ਨਿਮੰਤਰਨ ਦਾ ਦੀਪ
ਜੋਗੀ ਦੇ ਮੱਥੇ 'ਚ ਜਗਾਇਆ
ਜੋਗੀ ਦੇ ਨੈਣ ਬਲੇ
ਰੁੱਗ ਕਲੇਜੇ ਦਾ ਭਰਿਆ ਗਿਆ

ਇਕ ਅੱਗ ਦਾ ਦਰਿਆ
ਜੋਗੀ ਨੂੰ ਤਰਨ ਦਾ ਇਸ਼ਾਰਾ ਕਰ ਗਿਆ
ਦੋ ਨੈਣ ਜੋਗੀ ਦਾ ਜਿਸਮ ਚੀਰ
ਜੋਗੀ ਦੀ ਰੂਹ 'ਚ ਉੱਤਰ ਗਏ
ਜੋਗੀ ਦੇ ਪੈਰ ਅਗਲਾ ਕਦਮ
ਪੁੱਟਣਾ ਭੁੱਲ ਗਏ
ਜੋਗੀ ਮੁੜਿਆ
ਤੇ ਨੈਣਾਂ ਦੇ ਰਾਹ ਤੇ ਤੁਰ ਪਿਆ
ਪੱਥਰ ਦਾ ਬੁੱਤ ਕੋਈ
ਨੈਣਾਂ ਦੀ ਗਰਮੀ 'ਚ
ਪਿੱਘਲ ਗਿਆ

-0-

ਚੋਬਾਰੇ ਦੀਆਂ ਪਾਉੜੀਆਂ ਚੜ੍ਹਦਾ
ਜੋਗੀ ਜਦ ਆਖ਼ਰੀ ਪਾਉੜੀ ਤੇ ਪੁੱਜਾ
ਤਾਂ ਉਸਦੀ ਪਿੱਠ ਤੇ ਉੱਗੇ
ਸੰਨਿਆਸੀ ਜੰਗਲ ਨੇ ਪੁਕਾਰਿਆ
ਰੁੱਕ ਜਾ
ਕਿਉਂ ਆਪਣੇ ਸੱਚ ਦੀ ਆਹੂਤੀ
ਝੂਠੀ ਦੁਨੀਆਂ ਦੇ
ਰੰਗ ਰੂਪ ਲਈ ਹੈਂ ਚਾੜ੍ਹਦਾ
ਕਿਉਂ ਆਪਣੇ ਸਵਰਗ 'ਚ
ਹੈਂ ਨਰਕ ਉਤਾਰਦਾ
ਕਿਉਂ ਹੱਵਸ ਦੀ ਅੱਗ 'ਚ
ਆਪਣੀ ਕੁੰਦਨ ਦੇਹ ਹੈਂ ਸਾੜਦਾ
ਕਿਉਂ
ਆਪਣਾ ਜੋਗੀਆ ਹੈਂ ਦਾਗ਼ਦਾ

-0-

ਜੋਗੀ ਪਉੜੀਆਂ
ਹੇਠਾਂ ਉਤਰ ਗਿਆ
ਪਰ ਮਨ ਦੀ ਲਗਨ ਤੇ
ਰੂਹ ਦੀ ਆਵਾਜ਼ ਨੇ
ਜੋਗੀ ਦਾ ਪਿੱਛਾ ਨਾ ਛੱਡਿਆ
ਉਹ ਕਈ ਵਾਰ ਪਾਉੜੀਆਂ
ਚੜ੍ਹਿਆ ਤੇ ਉਤਰਿਆ
ਸੁੰਦਰਤਾ ਦੇ ਆਸਮਾਂ ਤੇ
ਸੰਨਿਆਸ ਦੇ ਜੰਗਲ 'ਚ
ਜੋਗੀ ਸੀ ਲਟਕਿਆ

-0-

ਜੋਗੀ ਨੂੰ ਲੱਗਿਆ
ਹੁਣ ਵਾਪਸ ਆਸ਼ਰਮ 'ਚ
ਜਾਣਾ,
ਹੈ ਰੱਬ ਦੇ ਦੁਆਰ ਤੋਂ ਮੁੜਣਾ
ਤੇ ਹੈ ਫਿਰ
ਸਾਰੀ ਉਮਰ ਦਾ ਝੂਰਨਾ
ਦੋ ਨੈਣ
ਜੋ ਜੋਗੀ ਦੀ ਰੂਹ 'ਚ ਉਤਰੇ ਸਨ
ਉਨ੍ਹਾਂ ਜੋਗੀ ਦੀ ਰੂਹ 'ਚ
ਲੱਖਾਂ ਸੂਰਜਾਂ ਦਾ ਚਾਨਣ ਧਰ ਦਿਤਾ
ਜੋਗੀ ਦੀ ਰੂਹ 'ਚ
ਉਹ ਨੈਣ ਕੀ ਉਤਰੇ
ਜੋਗੀ ਦੇ ਜਿਸਮ 'ਚ
ਰੱਬੀ ਨੂਰ ਦਾ ਚਾਨਣ ਕਰ ਦਿੱਤਾ

ਜੋਗੀ ਨੂੰ ਲੱਗਿਆ
ਇਨ੍ਹਾਂ ਨੈਣਾਂ 'ਚ ਰੱਬੀ ਨੂਰ ਹੈ
ਰੱਬ ਨਹੀਂ ਦੂਰ
ਜੋਗੀ ਹੀ ਹੁਣ ਰੱਬ ਤੋਂ ਦੂਰ ਹੈ

–0–

ਜੋਗੀ ਪਰਤਿਆ
ਤੇ ਚੌਬਾਰੇ ਦੀਆਂ ਪਾਉੜੀਆਂ
ਚੜ੍ਹ ਗਿਆ
ਜੋਗੀ ਚੰਨ ਦੇ ਟੁੱਕੜੇ ਲਈ
ਰੱਬੀ ਨੂਰ ਦੇ ਦਰ ਤੇ ਆ ਗਿਆ

–0–

ਜੋ ਕੋਠਾ ਵੈਸ਼ੀਆ ਦਾ ਚੱਕਲਾ
ਕਹਾਉਂਦਾ ਸੀ
ਜੋਗੀ ਨੇ ਚੱਕਲੇ ਨੂੰ ਹੀ ਆਪਣਾ
ਮੰਦਰ ਬਣਾ ਲਿਆ
ਤੇ ਉਸ ਸੰਗਮਰਮਰੀ ਟੁੱਕੜੇ ਚੋਂ
ਆਪਣਾ ਰੱਬ ਪਾ ਲਿਆ

–0–

ਇਨਸਾਨੀਅਤ ਦੀ ਦੁਨੀਆਂ 'ਚ
ਅੱਜ ਉਹ ਚੱਕਲਾ
ਨੈਣ ਸਰ ਤੀਰਥ ਕਹਾਉਂਦਾ ਹੈ
ਜੋ ਵੀ ਉਸਦੇ ਦਰਸ਼ਨ ਨੂੰ ਜਾਂਦਾ ਹੈ
ਜਿਉਂਦੇ ਜੀਅ ਹੀ ਮੁਕਤੀ ਪਾਉਂਦਾ ਹੈ

–0–

## ਤਿੰਨ ਪ੍ਰਭਾਵ

ਇਕ :-

ਗੁਜ਼ਰ ਗਈ ਜ਼ਿੰਦਗੀ
ਰੁੱਖਾਂ ਚੋਂ ਹਵਾਵਾਂ ਦੀ ਤਰ੍ਹਾਂ
ਹੋ ਗਈ ਮਨਫ਼ੀ ਸਮੇਂ ਚੋਂ
ਧੁੱਪਾਂ ਛਾਵਾਂ ਦੀ ਤਰ੍ਹਾਂ
ਸੁੱਕ ਗਈ ਜੜ੍ਹ ਤੇ ਜੰਗਲ ਰੋ ਪਿਆ
ਪੰਛੀ ਛੱਡ ਆਲ੍ਹਣੇ ਉੱਡੇ
ਓਪਰੀਆਂ ਡਾਰਾਂ ਦੀ ਤਰ੍ਹਾਂ

-0-

ਦੋ :-

ਕੌਣ ਪਰਤਿਆ ਹੈ
ਸਰਹੱਦ ਤੋਂ ਸਾਲਮ ਸਬੂਤਾ ਕਦੀ
ਤੱਕਦੀਆਂ ਰਹੀਆਂ ਬਾਰੀ ਚੋਂ ਅੱਖੀਆਂ
ਗੋਰੀਆਂ ਬਾਹਾਂ ਦੀ ਤਰ੍ਹਾਂ

-0-

ਤਿੰਨ :-

ਆ ਜਾ
ਲਗ ਜਾ ਸੀਨੇ ਨਾਲ
ਵਿਛੜਿਆ ਰੁੱਖਾ
ਪੱਤਝੜਾਂ ਉਡੀਕਦੀਆਂ ਤੈਨੂੰ
ਬਹਾਰਾਂ ਦੀ ਤਰ੍ਹਾਂ
ਕਦ ਚੜ੍ਹੇਗਾ ਜਾਂ ਡੁੱਬੇਗਾ
ਸਿਤਾਰਾ ਕਿਸਮਤ ਦਾ
ਜਗਦਾ ਬੁੱਝਦਾ ਹੈ ਰਾਖ਼ 'ਚ
ਅੰਗਿਆਰਾਂ ਦੀ ਤਰ੍ਹਾਂ

-0-

## ਅਜ਼ਨਬੀ ਕੁੜੀ

ਮੇਰੇ 'ਚ
ਇਕ ਅਜ਼ਨਬੀ ਕੁੜੀ ਵਸਦੀ ਹੈ
ਕਦੀ ਮੇਰੇ ਚਿਹਰੇ ਚੋਂ ਆਪਣਾ ਚਿਹਰਾ
ਕਦੀ ਆਪਣੇ ਚਿਹਰੇ ਚੋਂ
ਮੇਰਾ ਚਿਹਰਾ ਤੱਕਦੀ ਹੈ
ਮੇਰੇ ਅੰਦਰ ਹੱਸਦੀ ਖੇਡਦੀ
ਮੇਰੇ ਸਾਹਾਂ 'ਚ ਮਘਦੀ ਹੈ
ਮੇਰੀ ਨਸ ਨਸ 'ਚ ਵਸ ਕੇ ਵੀ
ਮੈਨੂੰ ਅਜ਼ਨਬੀ ਲੱਗਦੀ ਹੈ

-0-

ਕਦੀ ਮੇਰੇ ਖ਼ਾਬਾਂ ਨੂੰ ਬੁਣਦੀ ਹੈ
ਕਦੀ ਮੇਰੀ ਚੁੱਪ ਸੁਣਦੀ ਹੈ
ਕਦੀ ਮੇਰੀਆਂ ਅੱਖ਼ਾਂ ਚੋਂ
ਸਾਗਰ ਭਾਲੇ
ਕਦੀ ਮੇਰੇ ਗ਼ਮਾਂ 'ਚ
ਆਪਣੇ ਹਾਸੇ ਬਾਲੇ
ਕਦੀ ਮੇਰੇ ਦਿਲ ਵਿਚ ਤੁਰਦੀ ਹੈ
ਕਦੇ ਮੇਰੀਆਂ
ਰਾਹਾਂ 'ਚ ਖੜ੍ਹਦੀ ਹੈ
ਮੇਰੇ 'ਚ
ਇਕ ਅਜ਼ਨਬੀ ਕੁੜੀ ਵਸਦੀ ਹੈ

-0-

ਮੇਰੇ ਲਹੂ 'ਚ ਘੁਲੀ ਹੈ ਉਹ
ਮੇਰੇ ਕਦਮਾਂ ਸੰਗ ਤੁਰੀ ਹੈ ਉਹ
ਮੇਰੀਆਂ ਖ਼ੁਸ਼ੀਆਂ 'ਚ ਵਸਦੀ
ਮੇਰਿਆਂ ਰੰਝੂਆਂ 'ਚ ਝੁਰੀ ਹੈ ਉਹ

ਸਾਵਣ ਦੀ ਝੜੀ ਵਾਂਗਰਾਂ
ਮੇਰੇ ਤੇ ਹੀ ਵਰ੍ਹੀ ਹੈ ਉਹ
ਮੇਰੇ ਹੀ ਵਿਚ ਡੁੱਬੀ ਹੈ
ਮੇਰੇ ਚੋਂ ਹੀ ਚੜ੍ਹੀ ਹੈ ਉਹ

-0-

ਮੇਰੀ ਹੋ ਕੇ ਵੀ ਉਹ
ਮੇਰੇ ਲਈ ਪਰਾਈ ਹੈ
ਇਹ ਪਰੀ ਹੁਸਨਾਂ ਦੀ
ਮੇਰੇ ਦਿਲ 'ਚ
ਪਤਾ ਨਹੀਂ ਕਿਥੋਂ ਉਤਰ ਆਈ ਹੈ
ਮੈਂ ਇਹਦੇ ਪੈਰਾਂ 'ਚ
ਰਾਹਾਂ ਵਾਂਗ ਵਿਛਿਆ ਹਾਂ
ਇਸ ਦੁਆਲੇ
ਪੌਣਾਂ ਵਾਂਗ ਘਿਰਿਆ ਹਾਂ
ਮੈਂ ਇਸ ਨੂੰ ਜਦ ਵੀ ਮਿਲਿਆ ਹਾਂ
ਸਰਘੀ ਵਾਂਗ ਮਿਲਿਆ ਹਾਂ

-0-

ਮੇਰੀ ਦੇਹ 'ਚ ਖ਼ੁਸ਼ਬੂ ਵਾਂਗ ਢਲੀ ਹੈ
ਮੇਰੇ ਦਿਲ ਦੇ ਹਨ੍ਹੇਰਿਆਂ 'ਚ
ਚਾਨਣ ਬਣਕੇ ਵਗੀ ਹੈ
ਮੇਰੇ ਦਿਸਹੱਦਿਆਂ ਤੇ
ਸੂਰਜਾਂ ਵਾਂਗ ਬਲੀ ਹੈ
ਮੇਰੀਆਂ ਸਾਹਾਂ 'ਚ ਵਸਦੀ ਵੀ
ਪਰਾਈ ਹੈ
ਮੇਰੀਆਂ ਨਜ਼ਰਾਂ 'ਚ ਜਗਦੀ
ਜੁਦਾਈ ਹੈ

-0-

ਮੈਂ ਆਖਿਆ ਇਸਨੂੰ
ਤੂੰ ਆਪਣਾ ਅਜ਼ਨਬੀਪਣ
ਤੇ ਦੁਆਲੇ ਉਸਾਰੀਆਂ
ਕੰਧਾਂ ਢਾਅ ਦੇ
ਖੁੱਲ੍ਹਾ ਵਿਹੜਾ ਹੋ ਜਾ
ਮੇਰੇ ਘਰ 'ਚ ਉਤਰ ਆ
ਆਪਣਾ ਤੇ ਮੇਰਾ ਫ਼ਰਕ ਮਿਟਾ

–0–

ਬੋਲੀ
ਜੇ ਤੇਰੇ ਮੇਰੇ ਵਿਚਲਾ
ਅਜ਼ਨਬੀਪਣ ਰਹੇਗਾ
ਮੇਰੀ ਇੰਤਜ਼ਾਰ 'ਚ
ਤੇਰਾ ਦਿਲ ਧੜਕਦਾ ਰਹੇਗਾ
ਮੇਰਿਆਂ ਨੈਣਾਂ 'ਚ
ਤੇਰਾ ਕੇਸਰੀ ਮੁੱਖੜਾ ਤੈਰਦਾ
ਰਹੇਗਾ
ਤੇਰੇ ਤੇ ਮੇਰੇ ਚੋਂ ਕਸ਼ਿਸ਼ ਦੀ
ਖ਼ੁਸ਼ਬੂ ਆਉਂਦੀ ਰਹੇਗੀ
ਤੇਰੇ ਦਿਲ 'ਚ ਮੇਰੀ ਸੂਰਤ
ਵਸਦੀ ਰਹੇਗੀ

–0–

ਮੈਂ ਨਹੀਂ ਚਾਹੁੰਦੀ
ਆਪਣਾ ਅਜ਼ਨਬੀਪਣ ਮਿਟ ਜਾਏ
ਮੇਰੇ ਲਈ
ਤੇਰਾ ਦਿਲ ਨਾ ਧੜਕੇ
ਤੇਰੇ ਇਸ਼ਕ ਲਈ ਮੇਰੇ ਹੁਸਨ ਦੀ
ਪਿਆਸ ਬੁੱਝ ਜਾਏ

ਇਹ ਅਜ਼ਨਬੀਪਣ ਹੀ
ਤੇਰੀ ਤੇ ਮੇਰੀ ਸਾਂਝ ਹੈ
ਇਸ ਅਜ਼ਨਬੀਪਣ 'ਚ
ਤੇਰੀ ਤੇ ਮੇਰੀ ਦੁਨੀਆਂ ਆਬਾਦ ਹੈ
ਇਹ ਅਜ਼ਨਬੀਪਣ
ਮੈਨੂੰ ਤੇਰੇ ਤੋਂ ਵੀ ਅਜ਼ੀਜ਼ ਹੈ
ਇਹ ਤੇਰੀ ਤੇ ਮੇਰੀ
ਜ਼ਾਮੀਰ ਹੈ ਤਾਸੀਰ ਹੈ

-0-

## ਦਿਲ

ਕਿਸੇ ਦਾ ਹੋ ਕੇ ਵੀ
ਰਹਿੰਦਾ ਨਹੀਂ ਦਿਲ
ਇਕ ਥਾਂ ਤੇ ਟਿਕ ਕੇ ਵੀ
ਬਹਿੰਦਾ ਨਹੀਂ ਦਿਲ
ਮੈਂ ਪੁੱਛਿਆ ਬਿਠਾ ਕੇ
ਯਾਰਾਂ ਦੇ ਵਾਂਗੂੰ
ਗਲ ਨਾਲ ਲਾਇਆ
ਬਹਾਰਾਂ ਦੇ ਵਾਂਗੂੰ
ਇਹ ਮੁੱਖ ਵੇਖਦਾ ਸੀ
ਚਿਹਰੇ ਚੋਂ ਮੇਰੇ
ਚੁੰਮਦਾ ਸੀ ਪਲਕਾਂ
ਸ਼ਾਮ ਸਵੇਰੇ
ਹੁਣ ਉਠ ਉਠ ਕੇ ਨੱਸਦਾ ਹੈ
ਅੱਖੀਆਂ ਦੇ ਵਿਹੜੇ
ਬਹਿੰਦਾ ਨਹੀਂ ਦਿਲ

–0–

ਕੀ ਫ਼ਲਸਫ਼ਾ ਹੈ
ਤੇਰੇ ਗ਼ਮ ਦਾ ਯਾਰਾ
ਨਾ ਦੁਸ਼ਮਣ ਦਾ ਹੋਇਓਂ
ਨਾ ਆਪਣਾ ਹੀ ਹੋਇਓਂ
ਤੇਰੀ ਚੁੱਪ ਨਾ ਟੁੱਟੀ
ਸੂਲੀ ਤੇ ਚੜ੍ਹ ਕੇ ਵੀ
ਨਾ ਕੁੱਝ ਦੱਸਿਆ ਨਾ ਸੁਣਿਆ
ਨਾ ਹੱਸਿਓਂ ਨਾ ਰੋਇਓਂ
ਬੜਾ ਖ਼ੁਦਗਰਜ਼ ਹੈ
ਕੁੱਝ ਵੀ ਕਹਿੰਦਾ ਨਹੀਂ ਦਿਲ

–0–

## ਚੋਰ ਤੇ ਸ਼ਹਿਰ

ਚੋਰਾਂ ਨੇ ਸੁੱਤੇ ਸ਼ਹਿਰ ਨੂੰ ਲੁੱਟਿਆ
ਸੁੱਤੇ ਸ਼ਹਿਰ ਨੇ ਚੋਰਾਂ ਨੂੰ ਲੁੱਟਿਆ

-0-

ਚੋਰਾਂ ਨੇ ਜਦ ਸੁੱਤੇ ਸ਼ਹਿਰ ਨੂੰ
ਸੰਨ੍ਹ ਲਾਈ
ਸ਼ਹਿਰ ਦੀ ਵੱਖੀ ਪਾੜੀ
ਸ਼ਹਿਰ ਦੇ ਅੰਦਰ ਪ੍ਰਵੇਸ਼ੇ
ਆਪਣਾ ਖਾਣਾ ਪਾਣੀ
ਚੋਰਾਂ
ਸ਼ਹਿਰ ਦੇ ਸਿਰਹਾਣੇ ਰੱਖ ਦਿੱਤਾ
ਸੁੱਤਾ ਸ਼ਹਿਰ ਜਾਗਿਆ
ਤੇ ਆਪਣੀ ਅਧਰਾਗਨੀ
ਨੂੰ ਬੋਲਿਆ
ਉੱਠ ਭਲੀਏ ਲੋਕੇ
ਸਾਡੇ ਘਰ ਚੋਂ ਅੰਨ੍ਹ ਦੀ ਮਹਿਕ
ਆਈ ਹੈ

-0-

ਚੋਰਾਂ ਸੁਣਿਆ ਤੇ ਨੱਠੇ
ਇਹ ਸ਼ਹਿਰ ਤਾਂ ਭੁੱਖਾ ਸੁੱਤਾ ਸੀ
ਇਹ ਸ਼ਹਿਰ ਨੂੰ
ਸਾਡੇ ਅੰਨ੍ਹ ਦੀ ਮਹਿਕ ਨੇ
ਜਗਾਇਆ ਹੈ

-0-

ਇਸ ਸ਼ਹਿਰ 'ਚ
ਸਾਡੇ ਲੁੱਟਣ ਲਈ ਕੁੱਝ ਨਹੀਂ
ਸਾਡਾ ਹੀ ਅੰਨ੍ਹ ਖਾਦਾ
ਸਾਡਾ ਹੀ ਜਲ ਪੀਤਾ ਹੈ
ਅਸੀਂ ਐਂਵੇਂ ਆਪਣਾ
ਵਕਤ ਗੁਵਾਇਆ ਹੈ
ਅਸੀਂ ਸ਼ਹਿਰ ਨੂੰ ਲੁੱਟਣਾ ਸੀ
ਸ਼ਹਿਰ ਨੇ ਸਾਨੂੰ ਲੁੱਟਿਆ ਹੈ

-0-

ਇਸਦਾ ਬਦਲਾ
ਅਸੀਂ ਸ਼ਹਿਰ ਤੋਂ ਲੈਣਾ ਹੈ
ਸ਼ਹਿਰ ਦਾ
ਅਸੀਂ ਕੁੱਝ ਨਾ ਕੁੱਝ ਚੁਰਾਉਣਾ ਹੈ
ਚੋਰਾਂ ਬਹਿ ਕੇ ਸੋਚਿਆ
ਸ਼ਹਿਰ ਦੇ ਇਕ ਇਕ ਘਰ ਨੂੰ
ਅਨਾਜ ਨਾਲ ਭਰ ਦਈਏ
ਤੇ ਸ਼ਹਿਰ ਦੇ ਲੋਕਾਂ ਦੀ ਨੀਂਦਰ
ਚੋਰੀ ਕਰ ਲਈਏ

-0-

ਚੋਰਾਂ ਸ਼ਹਿਰ ਦਾ ਹਰ ਘਰ
ਅਨਾਜ ਨਾਲ ਭਰ ਦਿੱਤਾ
ਸਾਰਾ ਸ਼ਹਿਰ
ਦਿਨੇ ਆਪਣੀ ਭੁੱਖ ਮਿਟਾਉਂਦਾ
ਸਾਰੀ ਰਾਤ
ਅੰਨ੍ਹ ਦੇ ਸਿਹਰਾਣੇ ਜਾਗਦਾ ਰਹਿੰਦਾ
ਕੋਈ ਅੰਨ੍ਹ ਚੁਰਾ ਕੇ ਲੈ ਨਾ ਜਾਏ
ਸ਼ਹਿਰ 'ਚ ਕਾਲ ਪੈ ਨਾ ਜਾਏ

-0-

ਸਾਰੀ ਰਾਤ ਜਾਗਦੇ ਸ਼ਹਿਰ ਨੂੰ
ਚੋਰ ਜਦ ਤੱਕਦੇ
ਤਾਂ ਖਿੜ ਖਿੜ ਹੱਸਦੇ
ਸ਼ਹਿਰ ਨੇ ਸਾਡਾ ਅੰਨ੍ਹ ਚੁਰਾਇਆ ਸੀ
ਸਾਨੂੰ ਭੁੱਖਿਆਂ ਰੱਖ ਕੇ ਲੁੱਟਿਆ ਸੀ
ਸ਼ਹਿਰ ਖਾ ਗਿਆ
ਅੰਨ੍ਹ ਦੀ ਕੌਡੀ
ਅਸੀਂ ਜੋ ਸ਼ਹਿਰ ਲਈ ਸੁੱਟੀ
ਸ਼ਹਿਰ ਦੀ ਭੁੱਖ ਮਿਟਾ ਕੇ
ਸ਼ਹਿਰ ਦੀ ਨੀਂਦਰ ਲੁੱਟੀ

-0-

# ਕੈਦ

ਉਸ ਆਪਣਾ ਸਿਰ
ਕੈਦ ਦੀਆਂ ਕੰਧਾਂ 'ਚ ਮਾਰਿਆ
ਆਪਣਾ ਆਪਾ ਮਿਟਾ ਲਿਆ
ਤੇ ਆਪਣੀ ਦੇਹ ਦੀ ਕੈਦ ਤੋਂ
ਛੁਟਕਾਰਾ ਪੀ ਲਿਆ

-0-

ਉਸਦੀ ਕੈਦ 'ਚ
ਉਸਦਾ ਆਪਣਾ ਹੀ ਚਿਹਰਾ
ਹਰ ਦੀਵਾਰ ਤੇ ਲਟਕਿਆ ਸੀ
ਉਸਦੀਆਂ
ਆਪਣੀਆਂ ਅੱਖਾਂ ਹੀ
ਉਸਨੂੰ ਝਾਕਦੀਆਂ ਸਨ
ਉਸਦੇ ਆਪਣੇ ਹੀ ਸਾਹ
ਉਸਦਾ ਪਿੰਡਾ ਜੀਅ ਰਹੇ ਸਨ
ਉਸਦੇ ਆਪਣੇ ਹੀ ਕੰਨ
ਉਸਦੇ ਦਿਲ ਦੀ ਧੜਕਣ
ਸੁਣ ਰਹੇ ਸਨ
ਉਹ ਆਪਣੀ ਕੈਦ 'ਚ
ਆਪਣੇ ਤੋਂ ਆਪਣੇ ਤੱਕ
ਫੈਲਿਆ ਸੀ
ਆਪਣੇ ਤੋਂ ਆਪਣੇ ਤਕ
ਸੁੰਗੜਿਆ ਸੀ

ਉਸਦਾ ਆਪਣਾ
ਚਿਹਰਾ ਹੀ
ਉਸਦੇ ਆਪਣੇ ਹੀ ਦਰਪਣ 'ਚ
ਨਜ਼ਰਬੰਦ ਸੀ

-0-

ਉਹ ਜਦ
ਆਪਣੀ ਕੈਦ ਚੋਂ ਬਾਹਰ ਨਿਕਲਿਆ
ਉਸਨੇ ਵੇਖਿਆ
ਅਸਮਾਨ 'ਚ ਸੂਰਜ ਚੰਨ ਤਾਰੇ
ਲਟਕ ਰਹੇ ਸਨ
ਧਰਤੀ ਤੇ ਸਮੁੰਦਰ ਪਹਾੜ
ਤੇ ਜੰਗਲ ਫੈਲੇ ਹਨ
ਬਾਹਰ ਦੀ ਹਵਾ ਆਜ਼ਾਦ ਹੈ
ਸਮਾਂ ਟੁਕੜਿਆਂ 'ਚ
ਵੰਡਿਆ ਨਹੀਂ ਹੈ
ਸ਼ੋਰ ਦੀ ਬੰਦਸ਼ ਚੁੱਪ ਨਹੀਂ ਹੈ
ਖ਼ੁਸ਼ਬੂਆਂ ਰੰਗ
ਪਿੰਜਰੇ ਤੋਂ ਆਜ਼ਾਦ ਹਨ
ਕੁੱਝ ਵੀ ਕੈਦ ਨਹੀਂ
ਸਭ ਆਪਣੇ ਆਪ 'ਚ
ਆਬਾਦ ਹੈ

-0-

ਕੈਦ 'ਚ
ਬਲਦਾ ਦੀਵਾ ਸੁਰੱਖਸ਼ਤ ਹੈ
ਉਸਨੂੰ
ਹਨ੍ਹੇਰੀਆਂ ਤੂਫ਼ਾਨਾਂ ਝੱਖੜਾਂ 'ਚ
ਬੁੱਝਣ ਦਾ ਡਰ ਨਹੀਂ

ਕੈਦ ਵਿਚ ਰੁੱਖ ਨੂੰ
ਉਖੜਣ ਦਾ ਭੈਅ ਨਹੀਂ
ਕੈਦ 'ਚ
ਨਦੀਆਂ ਦਰਿਆਵਾਂ ਨੂੰ
ਹੜ੍ਹਾਂ ਦਾ ਡਰ ਨਹੀਂ
ਕੈਦ 'ਚ ਕਬੂਤਰ ਨੂੰ
ਬਿੱਲੀ ਦਾ ਭੈਅ ਨਹੀਂ
ਕੈਦ 'ਚ
ਕਿਸੇ ਵੀ ਚੀਜ਼ ਨੂੰ ਭੁਰਣ
ਖੁਰਣ ਦਾ ਡਰ ਨਹੀਂ
ਕੈਦ 'ਚ ਸਭ ਕੁੱਝ
ਕੈਦ ਦੀ ਸੁਰਖ਼ਸ਼ਾ 'ਚ
ਸੁਰੱਖ਼ਸ਼ਤ ਹੈ

-0-

ਕੈਦ 'ਚ ਜੀਵਨ
ਸੰਤੁਲਨ ਹੈ ਸੁਰਖ਼ਸ਼ਤ ਹੈ
ਕੈਦ 'ਚ
ਆਪ ਮੁਹਾਰਤਾ ਅਨੁਸ਼ਾਸਨ 'ਚ ਹੈ
ਕੈਦ 'ਚ ਜੰਗਲੀ ਰਾਕਾ ਨਹੀਂ
ਕੈਦ 'ਚ ਬਿਜਲੀ ਦੀ ਰੌਸ਼ਨੀ ਤਾਂ ਹੈ
ਪਰ ਅੱਖਾਂ ਨੂੰ ਚੁੰਦਿਆਉਂਦੀ ਨਹੀਂ
ਕੈਦ 'ਚ
ਬਿੰਦੂ ਬਿੰਦੂ ਹੀ ਰਹਿੰਦਾ ਹੈ
ਦਾਇਰਿਆਂ 'ਚ ਬਦਲਦਾ ਨਹੀਂ
ਜਲ ਦੀ ਬੂੰਦ ਬੂੰਦ ਰਹਿੰਦੀ ਹੈ

ਸਾਗਰ 'ਚ ਢਲਦੀ ਨਹੀਂ
ਕਿਰਨ ਦਾ ਸਿਰਫ਼
ਕਿਰਨ ਵਜੂਦ ਹੈ ਸੂਰਜ ਨਹੀਂ
ਕੈਦ 'ਚ
ਸਿਮਟਣਾ ਹੈ ਫੈਲਣਾ ਨਹੀਂ
ਕੈਦ 'ਚ
ਸਥਿਰਤਾ ਹੈ ਭਟਕਣ ਨਹੀਂ
ਮੰਜ਼ਿਲ ਹੈ ਸਫ਼ਰ ਨਹੀਂ

-0-

ਉਹ ਜਦ
ਆਪਣੀ ਕੈਦ ਚੋਂ ਬਾਹਰ
ਨਿਕਲਿਆ
ਤਾਂ ਉਸਨੇ ਮਹਿਸੂਸ ਕੀਤਾ
ਉਹ ਵਿਕਸਤ ਨਹੀਂ
ਬੌਣਾ ਹੈ
ਸਰੀਰਕ ਤੌਰ ਤੇ ਵੀ
ਮਾਨਸਿਕ ਤੌਰ ਤੇ ਵੀ
ਉਸ ਦਾ ਆਕਾਸ਼
ਸਿਰਫ਼ ਸਿਰ ਦਾ ਆਕਾਰ ਹੈ
ਧਰਤੀ
ਸਿਰਫ਼ ਪੈਰਾਂ ਦਾ ਰਕਬਾ ਹੈ
ਨਜ਼ਰ ਕੰਧ ਤੋਂ ਪਾਰ ਨਹੀਂ
ਝਾਕਦੀ
ਦਿਲ ਕੰਨਾਂ ਦੀ ਹਦੂਦ ਤੋਂ
ਬਾਹਰ ਨਹੀਂ ਧੜਕਦਾ

ਬੋਲ
ਪੈਂਤੀ ਅੱਖ਼ਰ ਦੀ ਵਿਸ਼ਾਲਤਾ ਨਹੀਂ
ਇਕ ਅੱਖ਼ਰ ਦਾ ਆਕਾਰ ਹਨ
ਕੈਦ 'ਚ
ਪਰਵਾਜ਼ ਤਾਂ ਹੈ
ਪਰ ਖੰਭ ਨਹੀਂ
ਉੱਡਣ ਲਈ ਆਕਾਸ਼ ਨਹੀਂ

–0–

ਉਸਨੂੰ ਲੱਗਿਆ
ਉਹ ਆਪਣੀ ਕੈਦ 'ਚ ਸੁਰੱਖ਼ਸ਼ਤ
ਵੀ ਨਹੀਂ ਸੀ
ਕਿਉਂ ਕਿ ਕੈਦ 'ਚ ਖਤਰਿਆਂ ਦਾ
ਗਿਆਨ ਨਹੀਂ ਅਨੁਭਵ ਨਹੀਂ
ਕੈਦ ਸਿਰਫ਼
ਆਪਣੇ ਬਿੰਦੂ ਦੀ ਪ੍ਰਕਰਮਾਂ ਹੈ
ਦਾਇਰੇ ਦਾ ਆਕਾਰ ਨਹੀਂ

–0–

ਕੈਦ ਗੁਲਾਮੀ ਹੈ
ਆਜ਼ਾਦ ਬਹਾਰਾਂ ਮੌਸਮਾਂ
ਰੁੱਤਾਂ ਰੰਗਾਂ ਖ਼ੁਸ਼ਬੂਆਂ ਦਾ
ਗੁਲਜ਼ਾਰ ਨਹੀਂ
ਉਸਨੇ ਸੋਚਿਆ
ਉਸਨੇ ਜਿੰਨਾ ਜੀਵਨ
ਦੇਹ ਦੀ ਕੈਦ 'ਚ ਗੁਜ਼ਾਰਿਆ ਹੈ

ਜੀਵਨ ਦਾ ਭਰਮ
ਪਾਲਿਆ ਹੈ
ਜੀਵਨ ਦਾ ਸੱਚ ਤੇ ਯਥਾਰਥ
ਕੈਦ 'ਚ ਨਹੀਂ
ਆਜ਼ਾਦੀ 'ਚ ਹੈ

–0–

ਉਹ ਹਵਾਵਾਂ ਤੇ ਕਾਠੀ ਪਾ
ਅਸਮਾਨਾਂ 'ਚ
ਉੱਡਣਾ ਚਾਹੁੰਦਾ ਸੀ
ਸਮੁੰਦਰ ਤੇ ਤੈਰਨਾ
ਪਹਾੜਾਂ ਨੂੰ ਫ਼ਤਹਿ ਕਰਨਾ ਚਾਹੁੰਦਾ ਸੀ
ਜੰਗਲ 'ਚ ਵਿਚਰਨਾ
ਧਰਤੀ ਨੂੰ
ਕੱਛਣਾ ਚਾਹੁੰਦਾ ਸੀ
ਉਹ ਆਪਣੀ ਕੈਦ ਨੂੰ
ਦੱਸਣਾ ਚਾਹੁੰਦਾ ਸੀ
ਕਿ ਤੂੰ ਬਿੰਦੂ ਹੈਂ
ਹਮੇਸ਼ਾਂ ਦਾਇਰਿਆਂ ਨੂੰ
ਬਿੰਦੂਆਂ 'ਚ ਢਾਲਦੀ ਹੈਂ
ਧਰਤੀ ਨੂੰ ਕਿਣਕੇ 'ਚ
ਪਹਾੜ ਨੂੰ ਜ਼ਰੇ 'ਚ
ਸਮੁੰਦਰ ਨੂੰ ਬੂੰਦ 'ਚ ਉਤਾਰਦੀ ਹੈਂ
ਇਨਸਾਨਾਂ ਨੂੰ ਬੌਣਾ ਕਰਦੀ ਹੈਂ
ਸੂਰਜਾਂ ਦੀ ਥਾਂ ਦੀਵੇ ਧਰਦੀ ਹੈਂ

–0–

## ਚਰਨ ਛੋਹ

ਮੇਰੇ ਮਸਤਕ ਨੂੰ
ਜੇ ਤੇਰੀ ਚਰਨ ਛੋਹ ਮਿਲ ਜਾਏ
ਮੈਂ ਕਤਰਾ ਬੂੰਦ ਦਾ
ਸਾਗਰ ਹੋ ਜਾਵਾਂ
ਮੈਂ ਬਣ ਹਰਿਆਵਲ
ਸਹਿਰਾ 'ਚ ਫੈਲ ਜਾਵਾਂ
ਤੇਰੇ ਰਾਹਾਂ 'ਚ ਬੀਜਾਂ
ਬਹਾਰਾਂ ਰੁੱਤਾਂ ਤੇ ਮਹਿਕਾਂ
ਤੇਰੇ ਮੱਥੇ 'ਚ
ਚੰਨ ਸੂਰਜ ਤਾਰੇ ਸਜ਼ਾਵਾਂ
ਮੈਂ ਬਿੰਦੂ ਤੋਂ
ਦਾਇਰਿਆਂ 'ਚ ਉਤਰ ਜਾਵਾਂ
ਤੇਰੀ ਇਕ ਛੋਹ ਸਦਕਾ
ਮੈਂ ਬੰਦਾ ਬੰਦੇ ਤੋਂ ਬੰਦਾ ਹੋ ਜਾਵਾਂ

-0-

ਤੇਰੇ ਦਰ ਤੇ ਧਰ ਦੇਵਾਂ
ਦੁਨੀਆਂ ਦੀਆਂ ਸਭ ਰਹਿਮਤਾਂ
ਤੇ ਨ੍ਹਿਮਤਾਂ
ਤੇਰੇ 'ਚ ਸਿਰ ਤੋਂ ਪੈਰਾਂ ਤੀਕ ਉਤਰ ਜਾਵਾਂ
ਮੈਂ ਤੇਰੇ ਹਵਾਲੇ
ਕਰ ਦਿਆਂ ਸਭ ਕੁੱਝ ਹੀ ਆਪਣਾ
ਮੈਂ ਤੇਰਾ ਹੋ ਕੇ ਆਪਾ ਭੁੱਲ ਜਾਵਾਂ
ਤੇਰੀ ਹੋਂਦ ਦਾ ਮੈਂ ਸੱਚ ਕਹਾਵਾਂ

-0-

ਨਾ ਮੈਨੂੰ
ਜ਼ਿੰਦਗੀ ਨਾ ਮੌਤ
ਨਾ ਕਬਰਾਂ ਦੀ ਮਿੱਟੀ ਪਹਿਚਾਣੇ
ਮੈਂ ਸਿਰਫ਼
ਤੇਰੇ ਚਿਹਰੇ ਚੋਂ ਨਜ਼ਰ ਆਵਾਂ
ਤੇਰਾ ਲਹੂ ਤੇਰਾ ਰੰਗ ਤੇਰੇ ਪ੍ਰਾਣ
ਕਹਾਵਾਂ
ਮੇਰੇ ਸਮਤਕ ਨੂੰ
ਜੇ ਤੇਰੀ ਚਰਨਛੋਹ ਮਿਲ ਜਾਵੇ
ਮੈਂ ਕਤਰਾ ਬੂੰਦ ਦਾ ਸਾਗਰ ਹੋ ਜਾਵਾਂ

-0-

## ਅੱਖਾਂ ਤੇ ਮੂੰਹ

ਅਜੋਕੇ ਮਨੁੱਖ ਦੇ ਢਿੱਡ ਤੇ
ਜਿੱਥੇ ਮੂੰਹ ਲੱਗਾ ਸੀ
ਹੁਣ ਉਸਦੀਆਂ ਅੱਖਾਂ
ਤੇ ਵੀ ਮੂੰਹ ਲੱਗਾ ਹੈ

-0-

ਉਹ ਜੋ ਕੁੱਝ ਵੀ ਵੇਖਦਾ ਹੈ
ਆਪਣੀਆਂ ਨਜ਼ਰਾਂ ਰਾਹੀਂ
ਆਪਣੇ ਢਿੱਡ 'ਚ ਉਤਰਦਾ ਹੈ
ਪਹਿਲਾਂ ਮਨੁੱਖ ਦੇ ਢਿੱਡ ਤੇ ਮੂੰਹ ਸੀ
ਹੁਣ ਅੱਖਾਂ ਤੇ ਵੀ ਹੈ
ਮਨੁੱਖ ਢਿੱਡ ਦੇ ਏਨਾ ਨੇੜੇ
ਹੋ ਗਿਆ ਹੈ
ਕਿ ਪੇਟ ਬਣਕੇ ਰਹਿ ਗਿਆ ਹੈ

-0-

ਨਜ਼ਰਾਂ ਨਾਲ
ਸਾਗਰ ਪੀ ਰਿਹਾ ਹੈ
ਸਾਰੀ ਪ੍ਰਕਿਰਤੀ ਨਿਗਲ ਰਿਹਾ ਹੈ
ਜੰਗਲ ਪਹਾੜ ਦਰਿਆ
ਨਦੀਆਂ
ਆਪਣੇ ਪੇਟ 'ਚ ਉਤਾਰ ਰਿਹਾ ਹੈ
ਮਨੁੱਖ ਚੋਂ ਰਿਸ਼ਤੇ ਪਿਆਰ
ਇਮਾਨਦਾਰੀ
ਸੱਚ ਸੁੰਦਰਤਾ ਕਲਿਆਣ
ਨੁੱਚੜ ਗਏ ਹਨ

ਮਨੁੱਖ ਪੇਟ ਤੋਂ ਸਿਵਾ
ਕੁੱਝ ਵੀ ਨਹੀਂ
ਮਨੁੱਖ ਦਾ ਤੁਆਰਫ਼ ਪੇਟ ਹੈ
ਮਨੁੱਖ ਦਾ ਸੱਚ ਪੇਟ ਹੈ
ਮਨੁੱਖ ਦਾ ਜੀਵਨ ਪੇਟ ਹੈ
ਮਨੁੱਖ ਦੀ ਆਖ਼ਰੀ ਹਸਰਤ ਪੇਟ ਹੈ

-0-

ਪੇਟ ਦੇ ਲਾਲਚ 'ਚ
ਮਨੁੱਖ
ਆਪਣੇ ਧੀਆਂ ਪੁੱਤਰ ਪਤਨੀ
ਭੈਣ ਭਰਾ ਤੇ ਮਾਂ ਪਿਉ ਦੇ
ਵਜ਼ੂਦ ਨੂੰ
ਆਪਣੇ ਪੇਟ 'ਚ ਉਤਾਰਦਾ ਜਾ ਰਿਹਾ ਹੈ
ਮਨੁੱਖ ਮਨੁੱਖਤਾ
ਅੰਬਰ ਧਰਤ ਤੇ ਕੰਧਾਂ
ਵਿੱਥਾਂ ਉਸਾਰਦਾ ਜਾ ਰਿਹਾ ਹੈ
ਆਪਣੇ ਪੇਟ ਦੀ ਖ਼ਾਤਰ
ਵਿਚਰ ਰਿਹਾ ਹੈ
ਪੇਟ ਦੀ ਖ਼ਾਤਰ ਜੀਅ ਰਿਹਾ ਹੈ
ਪੇਟ ਦੀ ਖ਼ਾਤਰ ਮਰ ਰਿਹਾ ਹੈ
ਪੇਟ ਤਾਂ ਭਰ ਜਾਂਦਾ ਹੈ
ਪਰ ਮਨੁੱਖ ਨੇ
ਜੋ ਨੀਯਤ
ਆਪਣੇ ਪੇਟ 'ਚ ਉੱਗਾਈ ਹੈ
ਉਹ ਨਹੀਂ ਭਰਦੀ

-0-

ਆਪਣੇ ਪੇਟ ਖ਼ਾਤਰ
ਧਰਤ ਦਾ ਅਨਾਜ ਤੇ ਖੇਤ
ਸਾੜਦਾ ਹੈ
ਪੇਟ ਖ਼ਾਤਰ ਧਰਤੀ ਤੇ ਯੁੱਧ
ਬੀਜਦਾ ਹੈ
ਮਜ਼ਲੂਮਾਂ ਤੇ ਬੇਦੋਸ਼ੇ ਲੋਕਾਂ ਦਾ
ਖ਼ੂਨ ਬਹਾਉਂਦਾ ਹੈ
ਇਹ ਕੰਮ ਪਹਿਲਾਂ
ਮਨੁੱਖ ਦਾ ਮੂੰਹ ਕਰਦਾ ਸੀ
ਹੁਣ ਮਨੁੱਖ ਦੀਆਂ
ਨਜ਼ਰਾਂ ਕਰਦੀਆਂ ਹਨ

-0-

ਹੱਸਦੇ ਵੱਸਦੇ ਘਰਾਂ ਨੂੰ
ਥੇਹ ਕਰਦਾ ਹੈ
ਬਰੂਦ ਉੱਗਾਂਦਾ ਹੈ
ਜਿੱਥੇ ਵੀ ਨਜ਼ਰ ਧਰਦਾ ਹੈ
ਜੋ ਮਨੁੱਖ ਦੀ ਨਿਗ੍ਹਾ 'ਚ ਉਤਰਦਾ ਹੈ
ਖੰਡਰ ਹੋ ਜਾਂਦਾ ਹੈ
ਮਨੁੱਖ ਦਾ ਨਾ ਆਪਣੇ ਆਪ
ਨਾਲ
ਸਗੋਂ ਪੇਟ ਨਾਲ ਰਿਸ਼ਤਾ ਹੈ
ਇਸ ਰਿਸ਼ਤੇ ਦੀ ਖ਼ਾਤਰ
ਕੁੱਝ ਵੀ ਕਰ ਸਕਦਾ ਹੈ
ਪ੍ਰਕਿਰਤੀ ਸਾੜ ਸਕਦਾ ਹੈ
ਸਾਗਰ ਉਬਾਲ ਸਕਦਾਂ ਹੈ

ਜ਼ਿੰਦਗੀ ਦੀ ਨਦੀ
ਮਨੁੱਖੀ ਲਹੂ ਨਾਲ ਭਰ ਸਕਦਾ ਹੈ

-0-

ਇਸਨੂੰ ਨਾ ਮੌਤ ਦਾ ਡਰ ਹੈ
ਨਾ ਰੱਬ ਦਾ ਭੈਅ ਹੈ
ਅਜੋਕੇ ਮਨੁੱਖ ਨੂੰ ਤਾਂ
ਆਪਣੇ ਪੇਟ ਦਾ ਡਰ ਹੈ
ਚਾਹੇ ਮਨੁੱਖ ਦਾ ਹੈ
ਚਾਹੇ ਜਾਨਵਰ ਦਾ ਮਾਸ ਹੈ
ਅੱਖ੍ਹਾਂ ਰਾਹੀਂ
ਆਪਣੇ ਪੇਟ 'ਚ ਪਾਈ ਜਾ ਰਿਹਾ ਹੈ
ਕਬਰਾਂ ਬੀਜਦਾ ਜਾ ਰਿਹਾ ਹੈ
ਮੌਤ ਉੱਗਾਈ ਜਾ ਰਿਹਾ ਹੈ
ਪੇਟ ਦੇ ਲਾਲਚ 'ਚ
ਏਨਾ ਖੁਭ ਗਿਆ ਹੈ
ਕਿ ਆਦਮੀ
ਆਦਮੀ ਦਾ ਸੱਚ ਭੁੱਲ ਗਿਆ ਹੈ

-0-

## ਕਿੰਝ ਸਮਝਾਵਾਂ

ਤੈਨੂੰ ਕਿੰਝ ਸਮਝਾਵਾਂ ਬੀਬਾ
ਕਿੰਝ ਗੁਜ਼ਾਰੀ ਰਾਤ
ਊਂਘਣ ਤਾਰੇ ਵਿਚ ਉਡੀਕਾਂ
ਅੰਬਰ ਜਾਗੇ ਨਾਲ

-0-

ਛੋਹ ਤੇਰੀ ਦੀਆਂ
ਤਰਬਾਂ ਡੰਗਿਆ
ਅੰਗ ਅੰਗ ਨੀਲਾ ਹੋਇਆ
ਸਾਵਣ ਦੀ ਬੱਦਲੀ ਨੇ
ਸੂਰਜ ਜ਼ੁਲਫ਼ਾਂ ਹੇਠ ਲਕੋਇਆ
ਆਵੇ ਨਜ਼ਰ ਨਾ
ਮੁੱਖ ਸੱਜਣ ਦਾ
ਅੱਖੀਆਂ ਖਾਣ ਉਬਾਲ

-0-

ਤੈਨੂੰ ਕਿੰਝ ਸਮਝਾਵਾਂ ਬੀਬਾ
ਕਿੰਝ ਗੁਜ਼ਾਰੀ ਰਾਤ
ਊਂਘਣ ਤਾਰੇ ਵਿਚ ਉਡੀਕਾਂ
ਅੰਬਰ ਜਾਗੇ ਨਾਲ

-0-

# ਮਨੁੱਖੀ ਜੰਗਲ

ਉਹ ਜੰਗਲ ਤਾਂ ਹੈ
ਉਸ 'ਚ ਰੁੱਖ ਵੀ ਹਨ
ਪਰ ਰੁੱਖ ਕੋਈ ਨਹੀਂ
ਛਾਂ ਕੋਈ ਨਹੀਂ
ਰੁੱਖਾਂ ਨੂੰ ਰੁੱਖਾਂ ਦਾ ਸੁੱਖ ਕੋਈ ਨਹੀਂ

–0–

ਉਸਦੇ ਰੁੱਖ
ਰੁੱਖਾਂ ਚੋਂ ਰੁੱਖ ਨਹੀਂ
ਅੱਗਾਂ ਉੱਗਾਉਂਦੇ ਹਨ
ਜੰਗਲ ਦੀ ਦੇਹ 'ਚ
ਸਹਿਰਾ ਉਤਾਰਦੇ ਹਨ
ਜੰਗਲ਼ੀ ਪਸ਼ੂ ਪਖ਼ਸ਼ੀਆਂ ਦਾ
ਵਜ਼ੂਦ ਸਾੜਦੇ ਹਨ
ਆਲ੍ਹਣਿਆਂ ਦੇ ਕੱਖ ਬਾਲਦੇ ਹਨ
ਆਪਣੇ ਹੱਡ ਸੇਕਦੇ ਹਨ
ਰੁੱਖ ਹੀ ਪਏ ਜੰਗਲ ਦੀ
ਹੋਂਦ ਮੇਟਦੇ ਹਨ

–0–

ਪੱਤਾ ਪੱਤੇ ਦਾ ਵੈਰੀ ਹੈ
ਛਾਂ ਛਾਂ ਦੀ ਦੁਸ਼ਮਣ ਹੈ
ਇਹ ਰੁੱਖ ਫੱਲ ਨਹੀਂ
ਬਾਰੂਦ ਜਨਮਦੇ ਹਨ
ਇਹ ਬਾਰੂਦ
ਜੰਗਲ ਸਾੜਦਾ ਹੈ
ਜੰਗਲ ਦੀ ਹਰਿਆਵਲ
ਉਬਾਲਦਾ ਹੈ
ਜੰਗਲੀ ਮੌਸਮ ਬਹਾਰਾਂ ਨੂੰ
ਲਹੂ ਲੁਹਾਨ ਕਰਦਾ ਹੈ
ਜੰਗਲ ਦੇ ਫੁੱਲ ਕਲੀਆਂ

ਮਹਿਕਾਂ ਦੀਆਂ ਤਲੀਆਂ ਤੇ
ਮੌਤ ਧਰਦਾ ਹੈ
ਸੜਦਾ ਵੇਖ ਜੰਗਲ
ਰੁੱਖ ਹੱਸਦੇ ਹਨ
ਜੋ ਜੰਗਲ ਦੇ ਆਸਰੇ 'ਚ
ਵੱਸਦੇ ਹਨ

-0-

ਇਹ ਰੁੱਖ
ਜੰਗਲ ਦੀ ਆਕਸੀਜਨ ਚੂਸਦੇ ਹਨ
ਕਾਰਬਨ ਜਨਮਦੇ ਹਨ
ਜੰਗਲੀ ਆਉਣ ਵਾਲੀ
ਨਸਲ ਦੇ ਫੇਫੜਿਆਂ 'ਚ
ਮੌਤ ਧਰਦੇ ਹਨ
ਆਪਣੇ ਚੋਂ ਲਾਵੇ ਉੱਗਲਦੇ ਹਨ
ਜੰਗਲ ਦੇ ਪਿੰਡੇ 'ਚ ਤੁਰਦੇ ਹਨ
ਜੰਗਲ ਲੂਹਦੇ ਹਨ
ਜੰਗਲ ਰਾਖ਼ ਕਰਦੇ ਹਨ

-0-

ਜੰਗਲੀ ਜਲ 'ਚ ਹਵਾ 'ਚ
ਅੱਗਣ 'ਚ ਧਰਤ 'ਚ ਆਕਾਸ਼ 'ਚ
ਜ਼ਹਿਰ ਘੋਲਦੇ ਹਨ
ਇਹ ਜ਼ਹਿਰ ਜੰਗਲ ਦੀਆਂ
ਜੜ੍ਹਾਂ ਚੋਂ
ਜੰਗਲ ਦੇ ਪਿੰਡੇ 'ਚ ਪ੍ਰਵੇਸ਼ ਕਰਦਾ ਹੈ
ਜੰਗਲ ਦਾ ਸਾਹ ਰੁਕਦਾ ਹੈ
ਜੰਗਲ ਨੀਲਾ ਹੋ ਜਾਂਦਾ ਹੈ
ਜ਼ਹਿਰ ਜੰਗਲ ਦੇ ਲਹੂ 'ਚ
ਫੈਲ ਜਾਂਦਾ ਹੈ
ਜੰਗਲ ਮੌਤ 'ਚ ਬਦਲਦਾ ਹੈ
ਕਬਰਾਂ 'ਚ ਢਲਦਾ ਹੈ

-0-

## ਬਣਵਾਸ

ਮੇਰੇ ਅੰਦਰ ਨੂੰ ਬਾਹਰ ਦਾ
ਤੇ ਬਾਹਰ ਨੂੰ ਅੰਦਰ ਦਾ
ਬਣਵਾਸ ਹੈ
ਬਾਹਰ ਲਈ ਅੰਦਰ ਚੁੱਪ ਹੈ
ਅੰਦਰ ਲਈ ਬਾਹਰ ਉਜਾੜ ਹੈ

-0-

ਬਾਹਰ ਜਦ
ਅੰਦਰਲੇ ਬਣਵਾਸ ਲਈ
ਉਤਰਿਆ
ਤਾਂ ਆਪਣੇ ਨਾਲ
ਸ਼ੀਸ਼ੇ ਦੇ ਸ਼ਹਿਰ ਦੀਆਂ ਰੌਣਕਾਂ
ਚੰਨਾਂ ਸੂਰਜਾਂ ਤਾਰਿਆਂ ਸੰਗ
ਭਰਿਆ ਆਕਾਸ਼ ਲੈ ਗਿਆ
ਜੰਗਲਾਂ ਪਹਾੜਾਂ ਦਰਿਆਵਾਂ
ਨਦੀਆਂ ਸਾਗਰਾਂ ਨਾਲ ਲੱਦੀ
ਧਰਤ ਲੈ ਗਿਆ

-0-

ਅੰਦਰਲਾ
ਜਦ ਬਾਹਰ ਬਣਵਾਸ ਲਈ
ਆਇਆ
ਤਾਂ ਆਪਣੇ ਨਾਲ ਅੰਦਰ ਦੀ
ਚੁੱਪ ਉਜਾੜ ਉਦਾਸੀ ਇਕੱਲਤਾ
ਤੇ ਪਤਝੱੜਾਂ
ਬਾਹਰ ਦੇ ਵਿਹੜੇ ਲੈ ਆਇਆ
ਪੱਥਰ ਖੰਡਰ ਥੇਹ ਔੜਾਂ ਤੇ ਸਹਿਰਾ
ਬਾਹਰਲੇ ਦੇ ਘਰ 'ਚ ਰੱਖ ਦਿੱਤਾ
ਬਾਹਰਲਾ ਆਪਣਾ
ਬਣਵਾਸ ਕੱਟ ਕੇ
ਅੰਦਰੋਂ ਜਦ ਬਾਹਰ ਆਇਆ
ਤਾਂ ਘਰ ਦੀ ਰੌਣਕ ਦੀ ਥਾਂ
ਘਰ 'ਚ ਉਸਨੇ
ਉਦਾਸੀ ਇਕੱਲਤਾ ਤੇ

ਪਤਝੱੜ ਨੂੰ ਪਾਇਆ
ਜਿਸਦਾ ਉਹ ਆਦੀ ਨਹੀਂ ਸੀ
ਜਿਸ 'ਚ ਰਹਿਣ ਦੀ
ਉਸਦੀ ਵਾਦੀ ਨਹੀਂ ਸੀ

-0-

ਅੰਦਰਲਾ
ਜਦ ਆਪਣਾ ਬਣਵਾਸ ਕੱਟ ਕੇ
ਬਾਹਰੋਂ ਅੰਦਰ ਗਿਆ
ਆਪਣੇ ਘਰ ਦੀ ਥਾਂ
ਬਾਹਰਲੇ ਦੀਆਂ ਰੌਣਕਾਂ
ਰੌਸ਼ਨੀਆਂ ਰੰਗੀਨੀਆਂ ਤੇ
ਖ਼ੁਸ਼ੀਆਂ ਨੂੰ ਪਾਇਆ
ਅੰਦਰਲੇ ਦਾ ਮਨ ਬੜਾ
ਉਕਤਾਇਆ
ਕਿਉਂਕਿ ਇਨ੍ਹਾਂ 'ਚ ਭਿੱਜਣ ਦਾ
ਉਹ ਆਦੀ ਨਹੀਂ ਸੀ
ਇਨ੍ਹਾਂ 'ਚ ਜਿਉਣ ਦੀ
ਉਸਦੀ ਵਾਦੀ ਨਹੀਂ ਸੀ

-0-

ਮੇਰਾ ਅੰਦਰਲਾ
ਰੌਣਕਾਂ 'ਚ ਉਦਾਸ ਸੀ
ਮੇਰਾ ਬਾਹਰਲਾ ਉਜਾੜਾਂ 'ਚ
ਉਪਰਾਮ ਸੀ
ਰੌਣਕਾਂ ਨੂੰ ਉਜਾੜਾਂ ਦਾ
ਉਜਾੜਾਂ ਨੂੰ ਰੌਣਕਾਂ ਦਾ ਸਰਾਪ ਸੀ

-0-

ਮੈਂ ਆਪਣੇ ਅੰਦਰਲੇ
ਤੇ ਬਾਹਰਲੇ ਦੇ ਵਿਚਕਾਰ ਲੱਟਕਦਾ
ਨਾ ਉਜਾੜਾਂ ਦੇ ਪਾਸ ਸੀ
ਨਾ ਰੌਣਕਾਂ ਦੇ ਪਾਸ ਸੀ
ਮੈਂ ਆਪਣੇ ਆਪ 'ਚ ਰਹਿੰਦਾ
ਹੋਇਆ ਵੀ
ਆਪਣੇ ਆਪ 'ਚ ਬਣਵਾਸ ਸੀ

-0-

# ਬ੍ਰਹਿਮੰਡ ਵਿਚਲਾ ਬ੍ਰਹਿਮੰਡ

ਤੇਰੀ ਮੇਰੀ ਦੇਹ ਦੇ ਅੰਦਰ
ਤੇਰਾ ਮੇਰਾ
ਆਪਣਾ ਆਪਣਾ ਬ੍ਰਹਿਮੰਡ
ਸਿਮਟਿਆ ਹੈ
ਬੂੰਦ 'ਚ ਸਾਗਰ ਉਤਰਿਆ ਹੈ
ਜ਼ਰੇ 'ਚ ਪਰਬਤ ਸਮਾਇਆ ਹੈ
ਕਿਰਨ ਨੇ
ਆਪਣੇ ਪਿੰਡੇ ਚੋਂ ਸੂਰਜ ਉੱਗਾਇਆ ਹੈ

-0-

ਆਪਣਾ ਆਪਣਾ
ਬ੍ਰਹਿਮੰਡ ਆਪਣੀ ਆਪਣੀ
ਤਲੀ ਤੇ ਟਿੱਕਾ
ਅਸੀਂ
ਇਕ ਦੂਜੇ ਦੀ ਪ੍ਰਕਰਮਾਂ ਕਰ ਰਹੇ ਹਾਂ
ਨਾ ਇਕ ਦੂਜੇ 'ਚ ਉਤਰ ਰਹੇ ਹਾਂ
ਨਾ ਆਪਣਾ ਆਪਣਾ
ਬ੍ਰਹਿਮੰਡ ਇਕ ਦੂਜੇ 'ਚ ਧਰ ਰਹੇ ਹਾਂ

-0-

ਇਸ ਕਿਸਮ ਦੀ ਪ੍ਰਕਰਮਾਂ
ਸਮਾਨਅੰਤਰ ਚਲਦੀਆਂ
ਰੇਖਾਵਾਂ ਦੇ ਤੁਰਨ ਬਰਾਬਰ ਹੈ
ਨਾ ਸਾਗਰ 'ਚ ਗਾਗਰ ਹੈ
ਨਾ ਗਾਗਰ 'ਚ ਸਾਗਰ ਹੈ

-0-

ਸੰਗ ਸੰਗ ਤੁਰਦੇ
ਇਕ ਦੂਜੇ ਦੇ ਜਿਸਮਾਂ ਦੀ
ਖ਼ੁਸ਼ਬੂ ਲੈਂਦੇ ਹਾਂ
ਨਿੱਘ ਮਾਣਦੇ ਹਾਂ
ਨਜ਼ਰਾਂ ਨਜ਼ਰਾਂ 'ਚ
ਇਕ ਦੂਜੇ ਨੂੰ ਛੋਹਦੇ ਹਾਂ
ਫਿਰ ਵੀ ਫ਼ਾਸਲੇ ਨਹੀਂ ਸਿਮਟਦੇ
ਵਿੱਥਾਂ ਨਹੀਂ ਭਰਦੀਆਂ
ਜੀਵਨ ਸੱਚ ਲਈ
ਇਕ ਦੂਜੇ ਤੋਂ ਕੋਹਾਂ ਦੂਰ ਹਾਂ
ਆਪਣੀ ਆਪਣੀ
ਹੋਂਦ ਕਾਇਮ ਰੱਖਣ ਲਈ ਚੂਰ ਹਾਂ

-0-

ਇਸ ਸਫ਼ਰ ਦੀ
ਕੋਈ ਮੰਜ਼ਿਲ ਨਹੀਂ
ਤੂੰ ਵੀ ਜਾਣਦੀ ਹੈ
ਮੈਂ ਵੀ ਜਾਣਦਾ ਹਾਂ
ਜੇ ਇਕ ਦੂਜੇ 'ਚ ਉਤਰਨਾ ਹੀ ਨਹੀਂ
ਇਕ ਦੂਜੇ ਲਈ
ਜਿਉਣਾ ਹੀ ਨਹੀਂ ਮਰਨਾ ਹੀ ਨਹੀਂ
ਫਿਰ ਸਾਥ ਸਾਥ ਵੀ
ਕਿਉਂ ਤੁਰਨਾ ਹੈ
ਜਿਹੜਾ ਸਫ਼ਰ ਮੁੱਕਣਾ ਹੀ ਨਹੀਂ

ਜਿਸਦਾ ਰਾਹ
ਮੰਜ਼ਿਲ ਨੂੰ ਢੁਕਣਾ ਹੀ ਨਹੀਂ
ਉਹ ਸਫ਼ਰ ਕਿਉਂ ਆਰੰਭਣਾ ਹੈ
ਉਹ ਸਫ਼ਰ ਕਿਉਂ ਜੀਣਾ ਹੈ
ਉਸ ਸਫ਼ਰ ਦਾ ਜ਼ਹਿਰ
ਕਿਉਂ ਪੀਣਾ ਹੈ

–0–

ਸਾਏ ਵਾਂਗ
ਇਕ ਦੂਜੇ ਦੇ ਸੰਗ ਸੰਗ ਤੁਰਨਾ
ਇਕ ਦੂਜੇ 'ਚ ਨਾ ਉਤਰਨਾ
ਸ਼ਾਇਦ ਇਕ 'ਚ ਤੁਰਨ ਲਈ
ਦੂਜੇ ਨੂੰ ਆਪਣੀ ਹੋਂਦ
ਗੁਆਉਣੀ ਪਵੇਗੀ
ਦੂਜੇ ਦੀ ਜੋਤ ਜਗਾਵਣ ਲਈ
ਆਪਣੀ ਜੋਤ ਬੁਝਾਉਣੀ ਪਵੇਗੀ

–0–

ਅਸਲ 'ਚ
ਜੋਤਾਂ ਦਾ ਸੱਚ ਵੀ ਇਕ ਹੈ
ਹੋਂਦ ਦਾ ਸੱਚ ਵੀ ਇਕ ਹੈ
ਅਸੀਂ ਤਾਂ ਐਵੇਂ
ਜਿਸਮਾਂ ਦੇ ਭਰਮ ਜਿਉਂਦੇ ਹਾਂ
ਹੋਂਦ ਜੋਤ ਦੇ ਸੱਚ ਦਾ
ਅੰਮ੍ਰਿਤ ਛੱਡ ਕੇ
ਜਿਸਮਾਂ ਦਾ ਜ਼ਹਿਰ ਪੀਂਦੇ ਹਾਂ

–0–

ਹੋਂਦ ਜੋਤ ਦੇ ਇਕ ਸੱਚ ਨੂੰ
ਅਸੀਂ ਜਿਸਮਾਂ ਦੇ ਰੰਗਾਂ 'ਚ ਵੰਡ ਰਹੇ ਹਾਂ
ਜਿਸਮਾਂ ਦੇ ਛੱਜਾਂ 'ਚ ਪਾ ਕੇ
ਸੱਚ ਦੇ ਸੱਚ ਨੂੰ ਭੰਡ ਰਹੇ ਹਾਂ
ਤੇਰਾ ਬ੍ਰਹਿਮੰਡ
ਤੇਰਾ ਸੱਚ ਤੇਰੇ ਕੋਲ ਹੈ
ਮੇਰਾ ਬ੍ਰਹਿਮੰਡ
ਮੇਰਾ ਸੱਚ ਮੇਰੇ ਕੋਲ ਹੈ
ਤੈਨੂੰ ਤੇ ਮੈਨੂੰ
ਤੇਰਾ ਮੇਰਾ ਭੁੱਲਾ ਕੇ
ਸਗਲਾ ਸੱਚ ਜਾਨਣ ਦੀ ਲੋੜ ਹੈ

-0-

ਤੇਰੇ ਵਿਚਲਾ ਬ੍ਰਹਿਮੰਡ
ਇਕ ਟਾਪੂ ਹੈ
ਮੇਰੇ ਵਿਚਲਾ ਬ੍ਰਹਿਮੰਡ
ਇਕ ਟਾਪੂ ਹੈ
ਸਗਲਾ ਬ੍ਰਹਿਮੰਡ ਸਿਰਜਣ ਲਈ
ਮੇਰਾ ਤੇਰੇ ਵਿਚ
ਤੇਰਾ ਮੇਰੇ ਵਿਚ ਉਤਰਨਾ ਹੀ ਸੱਚ ਹੈ
ਮੇਰੀ ਮੈਂ
ਤੇਰੀ ਤੂੰ ਜੀਵੇਗੀ
ਤੇਰੀ ਤੂੰ
ਮੇਰੀ ਮੈਂ ਜੀਵੇਗੀ

ਤੈਨੂੰ ਤੇ ਮੈਨੂੰ
ਇਕ ਹੋਂਦ ਇਕ ਜੋਤ ਦੇ ਸੱਚ ਦਾ
ਅਹਿਸਾਸ ਹੋਵੇਗਾ
ਸੱਚ ਦਾ ਕੋਈ ਰੰਗ ਨਹੀਂ
ਕੋਈ ਜਿਸਮ ਨਹੀਂ
ਸੱਚ ਸੱਚ ਹੈ
ਸੱਚ ਨੂੰ ਸੱਚ ਦਾ ਪਾਸ ਹੋਵੇਗਾ

-0-

ਤੇਰਾ ਮੇਰਾ ਬ੍ਰਹਿਮੰਡ
ਮਿਲੇਗਾ
ਸਗਲੇ ਬ੍ਰਹਿਮੰਡ ਦਾ
ਆਗਾਜ਼ ਹੋਵੇਗਾ
ਮੇਰੀ ਤੂੰ ਤੇ ਮੇਰੀ ਮੈਂ ਨੂੰ
ਤੇਰੀ ਮੇਰੀ ਇਕਾਈ ਦਾ
ਅਹਿਸਾਸ ਹੋਵੇਗਾ
ਹੋਂਦ ਤੇ ਜੋਤ ਦੇ ਸੱਚ ਦਾ
ਸਾਡੇ 'ਚ ਵਾਸ ਹੋਵੇਗਾ

-0-

ਆ
ਆਪਾਂ ਕੰਢਿਆਂ ਵਾਂਗ
ਨਾਲ ਨਾਲ ਤੁਰਨਾ ਹੈ
ਭਰਮ ਮਿਟਾਈਏ
ਕੰਢਿਆਂ ਤੋਂ ਜਲ ਹੋ ਜਾਈਏ
ਕੰਢਿਆਂ 'ਚ ਵਸਦੇ ਜਲ ਦਾ
ਸੱਚ ਕਹਾਈਏ

-0-

## ਪਲ ਰੋਏ ਹਨ

ਉਮਰ ਦੇ ਹੱਥੋਂ ਗਿਰੇ
ਪਲ ਰੋਏ ਹਨ
ਕਬਰਾਂ ਦੀ ਸਰਦਲ ਤੇ ਬੈਠੇ
ਅੱਜ ਰੋਏ ਹਨ ਕਲ੍ਹ ਰੋਏ ਹਨ

–0–

ਵਿਛੜ ਗਈ ਤੂੰ ਵੀ ਮੇਰੇ ਤੋਂ
ਕੰਧਾਂ ਦੇ ਪ੍ਰਛਾਵੇਂ ਗਲ ਲਗ ਰੋਏ ਹਨ
ਤੂੰ ਵੀ ਆਪਣੀ ਚੁੱਪ 'ਚ
ਇੰਜ ਗੁਆਚਿਆ
ਜਿਉਂ ਸ਼ਬਨਮ ਦਾ ਮਾਤਮ ਕਰਦੇ
ਜਲ ਰੋਏ ਹਨ

–0–

ਉਸ ਮਿਲਣੀ ਦਾ
ਜ਼ਿਕਰ ਨਾ ਹੋਇਆ ਸਦੀਆਂ ਤੋਂ
ਜੋ ਰੁੱਖ ਆਪਣੀ ਧੁੱਪੇ ਬਹਿ
ਪਲ ਪਲ ਰੋਏ ਹਨ
ਕੌਣ ਕਹੇ ਪੱਥਰ ਅੰਨ੍ਹੇ
ਬੋਲੇ ਤੇ ਗੂੰਗੇ ਨੇ
ਜਦ ਵੀ ਪੌਣਾਂ ਜ਼ਖ਼ਮੀ ਹੋਈਆਂ
ਪੌਣਾਂ ਦੇ ਹੰਝੂਆਂ ਸੰਗ ਰੋਏ ਹਨ

–0–

## ਸਮੁੰਦਰ ਬੂੰਦ ਤੇ ਕਵੀ

ਤੁਸੀਂ ਜੋ ਮੇਰੇ ਸਾਹਮਣੇ ਹੋ
ਸਮੁੰਦਰ 'ਚ ਬੂੰਦਾਂ ਦੇ ਚਿਹਰੇ ਹੋ
ਸਮੁੰਦਰ ਦਾ ਵਜ਼ੂਦ ਹੋ
ਆਪਣਾ ਸੱਚ ਹੋ
ਕਵਿਤਾ 'ਚ ਮਾਜ਼ੂਦ ਹੋ

-0-

ਮੈਂ ਤੇ ਇਕ ਬੂੰਦ ਹਾਂ
ਆਪਣੀ ਬੂੰਦ ਨੂੰ
ਸਮੁੰਦਰ ਕਿਨਾਰੇ ਲਿਆ
ਸਮੁੰਦਰ 'ਚ
ਤੁਹਾਡੇ ਚਿਹਰਿਆਂ 'ਚ ਉਤਰਦਾ ਹਾਂ
ਤੁਹਾਡਾ ਤੇ ਸਮੁੰਦਰ ਦਾ
ਸੰਬੰਧਕ
ਵਿਚਰਨ ਧਰਾਤਲ ਪਹਿਚਾਣਦਾ ਹਾਂ

-0-

ਤੁਹਾਡੇ 'ਚ ਕੁੱਝ ਚਿਹਰੇ
ਵਿਗਿਆਨੀ ਹਨ
ਦਾਰਸ਼ਨਿਕ ਹਨ
ਗਿਆਨ ਦਾ ਮੁਜ਼ੱਸਮਾ ਹਨ

-0-

ਵਿਗਿਆਨੀ ਚਿਹਰੇ
ਸਮੁੰਦਰ 'ਚ
ਆਕਾਸ਼ ਉਤਾਰਨਾ ਚਾਹੁੰਦੇ ਹਨ

ਸਮੁੰਦਰ ਚੋਂ
ਸੂਰਜ ਉੱਗਾਉਣਾ ਚਾਹੁੰਦੇ ਹਨ
ਤਾਂ ਕਿ ਸਮੁੰਦਰ 'ਚ
ਰੌਸ਼ਨੀ ਹੋ ਸਕੇ
ਤੇ ਤੁਹਾਡੇ ਚਿਹਰਿਆਂ ਤੇ ਚੜ੍ਹੇ
ਨਿਕਾਬ ਉਤਰ ਸਕਣ

-0-

ਦਾਰਸ਼ਨਿਕ ਚਿਹਰੇ
ਤੁਹਾਨੂੰ ਸਮੁੰਦਰੀ ਜੀਵਨ
ਜਿਉਣ ਦੇ ਸੁਜੱਚੇ ਢੰਗ
ਸਿਖਾਉਂਦੇ ਹਨ
ਸਮੁੰਦਰ ਦੇ ਵਜ਼ੂਦ 'ਚ ਤੁਹਾਡੀ ਏਕਤਾ
ਦੀ ਏਕਤਾ ਸਮਝਾਉਂਦੇ ਹਨ
ਤੁਹਾਡੇ 'ਚ ਸੱਚ ਸੁੰਦਰਤਾ,ਕਲਿਆਣ
ਉਤਾਰਦੇ ਹਨ
ਤੁਹਾਨੂੰ ਤੁਹਾਡੇ ਹਨ੍ਹੇਰੇ ਤੋਂ
ਜਾਣੂ ਕਰਵਾਉਂਦੇ ਹਨ
ਤੁਹਾਡੇ ਰਾਹਾਂ 'ਚ ਲੋਅ ਬੀਜਦੇ ਹਨ
ਕਿ ਤੁਸੀਂ ਭਟਕ ਨਾ ਜਾਓ

-0-

ਚਿਹਰੇ ਜੋ ਗਿਆਨ ਦੇ
ਮੁਜ਼ੱਸਮੇ ਹਨ
ਤੁਹਾਨੂੰ ਸੱਚ ਸੁੰਦਰਤਾ ਕਲਿਆਣ
ਦੇ ਰੂਪ 'ਚ ਢਾਲਦੇ ਹਨ
ਜੀਵਨ ਦੇ ਅਰਥ ਤੇ ਸੱਚ
ਸਮਝਾਉਂਦੇ ਹਨ

ਤੁਹਾਡੀ ਹੋਂਦ ਦਾ ਸੱਚ
ਦਰਸਾਉਂਦੇ ਹਨ
ਤੁਹਾਡੇ ਮਸਤਕ 'ਚ
ਜੀਵਨ ਪ੍ਰਯੋਜਨ ਦੀ ਜੋਤ
ਜਗਾਉਂਦੇ ਹਨ
ਸੱਚ ਦਾ ਰਾਹ ਵਿਖਾਉਂਦੇ ਹਨ
ਇਕ ਇਕਾਈ 'ਚ ਪਰੋਂਦੇ ਹਨ
ਤਨ ਤੇ ਮਨ ਦਾ ਮੈਲਾ ਉਤਾਰਦੇ ਹਨ
ਸੱਚ ਦੇ ਸੂਰਜ
ਤੁਹਾਡੀ ਦੇਹ 'ਚ ਬਾਲਦੇ ਹਨ

-0-

ਕੁੱਝ ਚਿਹਰੇ ਐਸੇ ਵੀ ਹਨ
ਜੋ ਆਪਣੇ ਤਨ ਦਾ ਮੈਲਾ
ਸਮੁੰਦਰ 'ਚ ਘੋਲਦੇ ਹਨ
ਸਾਗਰ ਚੋਂ ਚਾਨਣ ਸੀਕਦੇ ਹਨ
ਸਾਗਰ ਦੇ ਵਜੂਦ 'ਚ
ਅੱਗਾਂ ਬੀਜਦੇ ਹਨ
ਸਹਿਰਾ ਉੱਗਾਉਂਦੇ ਹਨ
ਆਪਣਾ ਕੂੜਾ ਝੂਠ ਤੇ ਫ਼ਰੇਬ
ਸਾਗਰ ਦੇ ਲਹੂ 'ਚ ਘੋਲਦੇ ਹਨ
ਸਾਗਰ ਦੇ ਜੀਵਨ 'ਚ
ਕਬਰਾਂ ਉੱਗਾਉਂਦੇ ਹਨ
ਸਾਗਰ ਨੂੰ ਸ਼ਮਸ਼ਾਨ ਬਣਾਉਂਦੇ ਹਨ

-0-

ਪਰ ਮੈਂ ਆਪਣੀ ਕਵਿਤਾ 'ਚ
ਤੁਹਾਡੇ ਜੀਵਨ ਪਲ
ਸ਼ਬਦਾਂ ਤੇ ਅਰਥਾਂ 'ਚ ਲਪੇਟ ਕੇ
ਕਵਿਤਾ ਦੇ ਸਾਗਰ ਨੂੰ ਭੇਟ ਕਰਦਾ ਹਾਂ
ਮੈਂ ਤੁਹਾਡੇ ਸਾਗਰ ਚੋਂ
ਸਿਰਫ਼ ਸੱਚ ਪੁਣਦਾ ਹਾਂ
ਕੂੜਾ ਤੇ ਮੈਲਾ ਛਾਣਦਾ ਹਾਂ
ਕਵਿਤਾ ਦੇ ਸਾਗਰ 'ਚ
ਤੁਹਾਡਾ ਸੱਚ ਉਤਾਰਦਾ ਹਾਂ

-0-

ਮੈਂ ਤੁਹਾਡੇ ਸਾਗਰ ਦੇ ਯਥਾਰਥ ਦਾ
ਅਰਘਾ
ਕਵਿਤਾ ਨੂੰ ਚੜ੍ਹਾਉਂਦਾ ਹਾਂ
ਮੈਂ ਜਾਣਦਾ ਹਾਂ
ਤੁਹਾਡੇ ਸਾਗਰ ਦੇ ਯਥਾਰਥ 'ਚ
ਜੂਠ ਵੀ ਹੈ ਝੂਠ ਵੀ ਹੈ
ਜੂਠ ਤੇ ਝੂਠ ਤੁਹਾਡੇ ਸਾਗਰ ਦਾ
ਵਜ਼ੂਦ ਤਾਂ ਹੈ
ਪਰ ਸੱਚ ਨਹੀਂ

-0-

ਇਸ ਲਈ ਤੁਹਾਡੇ ਸਾਗਰ ਦਾ
ਸੱਚ ਹੀ ਕਵਿਤਾ ਹੈ
ਤਾਂ ਕਿ ਕਵਿਤਾ ਚੋਂ ਤੁਹਾਡਾ ਸੱਚ
ਤੇ ਮੇਰਾ ਚਿਹਰਾ ਨਜ਼ਰ ਆਵੇ
ਮੇਰਾ ਚਿਹਰਾ ਤੁਹਾਡਾ ਸੱਚ
ਤੁਹਾਡਾ ਸੱਚ ਮੇਰਾ ਚਿਹਰਾ ਹੋ ਜਾਵੇ

-0-

## ਗੁੰਬਦ

ਚੁੱਲ੍ਹਿਆਂ 'ਚ ਜਦੋਂ
ਬੁੱਝਦੀ ਹੈ ਅੱਗਣ
ਮਹਿਲਾ ਦਿਆਂ ਗੁੰਬਦਾਂ ਨੂੰ
ਲੱਗਦੀ ਹੈ ਅੱਗਣ

-0-

ਧੂੰਆਂ ਹਵਾ 'ਚ ਘੁਲਦਾ ਹੈ
ਜਿਉਂ ਲਾਲ ਕਿਲ੍ਹਾ ਪਿਆ ਧੁੱਖਦਾ ਹੈ
ਪਿੰਡਾਂ ਤੋਂ ਸ਼ਹਿਰੀਂ ਵਗਦੀ ਹੈ ਅੱਗਣ
ਇਕ ਗੀਤ ਜੋ ਗੁੰਮਿਆ ਹੈ
ਤੂਤਾਂ ਦੀ ਛਾਂ ਹੇਠ
ਗੀਤ ਨੂੰ ਲੱਭਦੀ ਧੁੱਪਾਂ ਨੂੰ ਪੁਣਦੀ ਹੈ ਅੱਗਣ

-0-

ਇਕ ਬੂੰਦ ਜੋ ਹੋ ਗਈ ਕੋਇਲੇ
ਸਾਗਰ ਨੂੰ ਪੁੱਛਦੀ ਫਿਰਦੀ ਹੈ ਅੱਗਣ
ਕੌਣ ਦਏ ਦਿਲਾਸਾ ਰੁੱਖਾਂ ਨੂੰ
ਪੌਣਾਂ ਤੋਂ ਸਿਰਨਾਵਾਂ ਜੰਗਲ ਦਾ
ਪੁੱਛਦੀ ਹੈ ਅੱਗਣ

-0-

ਜੋ ਪਸਰੀ ਹੈ ਤੇਰੇ ਮੇਰੇ ਦੁਆਲੇ
ਹੈ ਸਭ ਦੀ ਜਾਂ ਕੁੱਝ ਦੀ ਹੈ ਅੱਗਣ
ਇਹ ਸੂਰਜ ਤੇਰਾ ਮੇਰਾ ਹੈ
ਕਾਲਖਾਂ 'ਚ ਸਵੇਰੇ ਗੁੰਨ੍ਹਦੀ ਹੈ ਅੱਗਣ
ਤੂੰ ਸਿਰ ਤੇ ਲਹੂ ਦੀ ਛਾਂ ਕਰ ਲੈ
ਯੁੱਗਾਂ ਨੇ ਹੰਢਾਈ ਹੈ ਹੁਣ ਦੀ ਅੱਗਣ

-0-

## ਦੀਵਾ

ਇਕ ਦੀਵਾ ਬੁੱਝਦਾ ਬੁੱਝਦਾ
ਫਿਰ ਜਗ ਪਿਆ ਹੈ
ਸਮਾਂ ਹੱਥੇਲੀ ਤੇ ਲੈ
ਹੋ ਕੇ ਸੂਰਜ
ਹਨ੍ਹੇਰਿਆਂ 'ਚ ਉਤਰ ਗਿਆ ਹੈ

-0-

ਫਿਰ ਦੋ ਅੱਖ੍ਹਾਂ
ਹਨ੍ਹੇਰੀ ਰਾਤ 'ਚ ਇੰਜ ਜਗੀਆਂ ਹਨ
ਜਿਉਂ ਜ਼ਖ਼ਮਾਂ ਦੇ ਜੰਗਲ 'ਚ
ਪੌਣਾਂ ਬਣ ਦਵਾ ਵਗੀਆਂ ਹਨ

-0-

ਮੌਸਮ ਦੇ ਸਾਹਾਂ 'ਚ ਮਹਿਕੀ
ਕਿਸ ਰੁੱਤ ਦੀ ਖ਼ੁਸ਼ਬੋਈ ਹੈ
ਕੌਣ ਜੋ ਕਿਰਨਾਂ ਬੀਜ ਗਿਆ ਹੈ
ਵਿਹੜੇ 'ਚ
ਗੈਰਾਂ ਦੀ ਬਸਤੀ ਵਿਚ
ਆਪਣਾ ਕੋਈ ਹੈ।

000



ਫੈਲੀ ਅੱਗ ਜਦੋਂ
ਜੰਗਲ ਦੀ ਸ਼ਹਿਰ 'ਚ
ਮੌਸਮ ਬਹਾਰਾਂ ਦਾ
ਬੱਦਲਾਂ ਦੀ ਰੁੱਤ ਸੀ ਕੋਈ

–●–

ਉੱਗੀਆਂ ਸਨ ਕਬਰਾਂ
ਸ਼ਹਿਰ ਦੀ ਛੱਤ ਤੇ
ਬੰਦਾ ਬੰਦੇ ਦਾ ਵੈਰੀ
ਮਿੱਤਰ ਪੱਥਰ ਦਾ
ਪੱਥਰ ਸੀ ਕੋਈ

–●–

ਚੀਕਦੀਆਂ ਤੇ
ਕੁਰਲ਼ਾਦੀਆਂ ਰਹੀਆਂ
ਘੰਟੀਆਂ ਮੰਦਰ ਦੀਆਂ
ਚੁੱਪ ਚੁਪੀਤੇ ਵੇਖਦਾ ਰੱਬ ਸੀ
ਕਿ ਪੱਥਰ ਦਾ ਬੁੱਤ ਸੀ ਕੋਈ ।

–ਚਰਨ ਸਿੰਘ